ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

1920 ਤੋਂ
ਸਾਲ 100 ਵਾਂ

Price: Rs.5/-

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧੭ ਤੋਂ ੩੧ ਭਾਦਰੋਂ ੨੦੭੭ ਬਿ.
1 To 15 Sep. 2020

ਜਿਲਦ 28
ਨੰਬਰ 15
Total Pages 44

## ਇਹ ਸਿੰਘਨ ਕੀ ਰੀਤੀ ਵਰ ਹੈਂ..........



15 ਸਿਤੰਬਰ 1871 ਰਾਮ ਬਾਗ ਬੋਹੜ (ਅੰਮ੍ਰਿਤਸਰ) ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ
ਅਤੇ ਦੇਸ ਦੀ ਆਜ਼ਾਦੀ ਵਾਸਤੇ ਚਾਰ ਨਾਮਧਾਰੀ ਸਿੰਘਾਂ ਦੀ ਸ਼ਹੀਦੀ

1. ਸ਼ਹੀਦ ਹਾਕਮ ਸਿੰਘ ਪਟਵਾਰੀ ਮੌੜੇ
2. ਸ਼ਹੀਦ ਬੀਹਲਾ ਸਿੰਘ ਨਾਰਲੀ
3. ਸ਼ਹੀਦ ਲਹਿਣਾ ਸਿੰਘ ਪੰਨਵ
4. ਸ਼ਹੀਦ ਫਤਿਹ ਸਿੰਘ ਅੰਮ੍ਰਿਤਸਰ

# 10 ਸਿਤੰਬਰ 2020 ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ ਸਲਾਨਾ ਨਾਮ ਸਿਮਰਨ ਜਪ-ਪ੍ਰਯੋਗ ਦੀ ਅਰੰਭਤਾ



ਬਾਗ ਵਾਲੀ ਕੋਠੀ (ਤਪ-ਅਸਥਾਨ) ਵਿਖੇ ਸ੍ਰੀ ਸਤਿਗੁਰੂ ਜੀ ਦੇ
ਨਾਮ ਸਿਮਰਨ ਜਪ ਪ੍ਰਯੋਗ ਅਰੰਭਤਾ ਦੀ ਅਰਦਾਸ।



**ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥**

ਪ੍ਰਤਾਪ ਮੰਦਰ ਵਿਖੇ ਨਾਮ ਸਿਮਰਨ ਜਪ ਪ੍ਰਯੋਗ ਦੀ ਅਰੰਭਤਾ।

# ਸਤਿਜੁਗ

**੧੭ ਤੋਂ ੩੧ ਭਾਦਰੋਂ ੨੦੭੭ ਬਿ.**

**1 ਤੋਂ 15 ਸਤੰਬਰ 2020 ਈ:**

**ਜਿਲਦ 28, ਵੀਰਵਾਰ ਨੰਬਰ 15**

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**
*Harvendra Singh Hanspal*
*Gurbhej Singh Guraya*

**Editorial Board:**
*Suwarn Singh 'Virk'*
*Harpal Singh 'Sewak'*
*Sukhwinder Singh 'Lyall'*
*Sant Nishan Singh*
*Jaswant Singh 'Mast'*
*Bhajan Singh*
*Gurlal Singh*



*Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
*Taran Singh 'Bal'*
***Vishav Namdhari Sangat, Sri Bhaini Sahib***

***Satjug@sribhainisahib.com***

**ਪੱਤਰ ਵਿਹਾਰ ਦਾ ਪਤਾ :**
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ-- ਹੱਤਿਆ, ਆਤਮ-ਹੱਤਿਆ ਅਤੇ ਆਤਮ ਬਲੀਦਾਨ
ਹਰਪਾਲ ਸਿੰਘ ਸੇਵਕ ........................................4

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ........................................7

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਕਵੀ ਪ੍ਰੀਤਮ ਸਿੰਘ ਜੀ...........8

* A Saga of Sri Satguru Jagjit Singh ji
Dr. Sharada Jayagovind ..........12

* ਤੇਰੀ ਉਪਮਾ ਤੋਹਿ ਬਨਿ ਆਵੈ
(ਸ੍ਰੀ ਸਤਿਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਤੇ ਵਿਸ਼ੇਸ਼)
ਪ੍ਰੋ.ਅਵਤਾਰ ਸਿੰਘ..........................14

* ਕਵਿਤਾ- ਜੋਗੀ ਸਿੱਧ ਅਤੇ ਗੁਰੂ ਨਾਨਕ
(ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਦਿਵਸ ਤੇ ਵਿਸ਼ੇਸ਼)
ਕਸ਼ਮੀਰ ਸਿੰਘ ਨੀਰ........................16

* ਅੰਮ੍ਰਿਤਸਰ ਅਤੇ ਰਾਏਕੋਟ ਸਾਕਿਆਂ ਦਾ ਇੱਕ ਪਾਤਰ
ਗੁਲਾਬ ਸਿੰਘ ਉਰਫ਼ 'ਗੁਲਾਬੂ'
ਜਸਵਿੰਦਰ ਸਿੰਘ ਹਿਸਟੋਰੀਅਨ................18

* ਹਿੰਦੋਸਤਾਨ ਦੀ ਜੰਗ-ਏ-ਆਜ਼ਾਦੀ ਸਤੰਬਰ ਮਹੀਨੇ ਦੇ
ਸੰਗਰਾਮੀ ਅਤੇ ਸ਼ਹੀਦ ਯੋਧੇ
ਮਨਮੋਹਨ ਸਿੰਘ ਪੁੰਨੀ.........................25

* ਗੁਰਮਤਿ ਵਿੱਚ ਬਿਬੇਕ ਦਾ ਸੰਕਲਪ
ਹਰਪਾਲ ਸਿੰਘ ਸੇਵਕ....................31

* ਰਾਗੀ ਭਾਈ ਅਜੀਤ ਸਿੰਘ ਤੇ ਕਿਰਪਾ
ਗੁਰਸ਼ਰਨ ਸਿੰਘ....................33

* ਅੜਬੰਗੀ 'ਨਾਵਲ'
ਸਵ. ਸੰਤ ਇੰਦਰ ਸਿੰਘ ਚੱਕਰਵਰਤੀ..................35

* Sweat Memories & Miracles of His Holiness Satguru Jagjit Singh Ji
Col. harbhajan Singh Cheema ..................37

* ਸੁੱਚੇ ਮੋਤੀ ............................................................40

* ਬੱਚਿਆਂ ਦਾ ਪੰਨਾ..........................................................41

* ਖਬਰਨਾਮਾ ............................................................42

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਹੱਤਿਆ, ਆਤਮ-ਹੱਤਿਆ ਅਤੇ ਆਤਮ ਬਲੀਦਾਨ

ਹੱਤਿਆ, ਆਤਮ-ਹੱਤਿਆ ਅਤੇ ਆਤਮ ਬਲੀਦਾਨ, ਇਨ੍ਹਾਂ ਤਿੰਨਾਂ ਅਵਸਥਾਵਾਂ ਵਿੱਚ ਕਿਸੇ ਵਿਅਕਤੀ ਦੀ ਮੌਤ ਦਾ ਜ਼ਿਕਰ ਹੁੰਦਾ ਹੈ ਪਰ ਭਾਵਨਾਵਾਂ ਅਤੇ ਪ੍ਰਸਥਿਤੀਆਂ ਦੇ ਫਰਕ ਨਾਲ ਕਿਸੇ ਹਾਲਾਤ ਵਿੱਚ ਪਾਪ ਹੈ ਕੋਈ ਕਾਇਰਤਾ ਜਾਂ ਬੁਜ਼ਦਿਲੀ ਹੈ ਅਤੇ ਪਰਉਪਕਾਰ ਹਿੱਤ ਆਤਮ ਬਲੀਦਾਨ ਸੂਰਮਤਾਈ ਹੈ।

ਸਾਧਾਰਨ ਰੂਪ ਵਿੱਚ ਹੱਤਿਆ ਇੱਕ ਘਿਲਾਉਣਾ ਕਰਮ ਹੈ। ਲੋਭ, ਸਵਾਰਥ ਹਿੱਤ ਜਾਂ ਜ਼ੁਬਾਨ ਦੇ ਸੁਆਦ ਵਾਸਤੇ ਕਿਸੇ ਨੂੰ ਮਾਰਨਾ ਘੋਰ ਪਾਪ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿੱਚ 18 ਵੀਂ ਪਉੜੀ ਵਿੱਚ ਦੁਸ਼ਟ ਅਤੇ ਨੀਚ ਕਿਸਮ ਦੇ ਮਨੁੱਖਾਂ ਦਾ ਜ਼ਿਕਰ ਕਰਦਿਆਂ ਫ਼ਰਮਾਉਂਦੇ ਹਨ:

ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰਿ॥
**ਅਸੰਖ ਗਲਵਢ ਹਤਿਆ ਕਮਾਹਿ॥ ਅਸੰਖ ਪਾਪੀ ਪਾਪੁ ਕਰਿ ਜਾਹਿ॥**
ਅਸੰਖ ਕੂੜਿਆਰ ਕੂੜੇ ਫਿਰਾਹਿ॥

ਇਸੇ ਤਰ੍ਹਾਂ ਭਗਤ ਨਾਮਦੇਵ ਜੀ ਦਾ ਰਾਗ ਸਾਰੰਗ ਵਿੱਚ ਕਥਨ ਹੈ:

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ॥
ਅਨਪਾਵਨੀ ਭਗਤਿ ਨਹੀ ਉਪਜੀ ਭੁਖੈ ਦਾਨੁ ਨ ਦੀਨਾ॥

ਇਸ ਸ਼ਬਦ ਵਿੱਚ ਸ੍ਰੀ ਨਾਮਦੇਵ ਜੀ ਭਗਤੀ ਮਾਰਗ ਦੇ ਜਗਿਆਸੂਆਂ ਨੂੰ ਸਮਝਾਉਂਦੇ ਹਨ ਕਿ ਪੁਰਾਣ ਆਦਿ ਧਾਰਮਿਕ ਗ੍ਰੰਥ ਪੜ੍ਹ ਸੁਣ ਕੇ ਵੀ ਜੇ ਹਿਰਦੇ ਵਿੱਚ ਪ੍ਰਭੂ ਦੀ ਭਗਤੀ ਨਹੀਂ ਉਪਜੀ, ਕਿਸੇ ਨੂੰ ਕਿਸੇ ਦਾਨ ਨਹੀਂ ਦਿੱਤਾ, ਕਾਮ, ਕ੍ਰੋਧ, ਲੋਭ ਅਤੇ ਨਿੰਦਾ ਆਦਿਕ ਵਿਸ਼ੇ-ਵਿਕਾਰ ਹਿਰਦੇ 'ਚੋਂ ਨਹੀਂ ਛੁੱਟੇ ਤਾਂ ਜਪ-ਤਪ ਕੀਤੇ, ਸੇਵਾ ਕੀਤੀ ਸਭ ਨਿਸ਼ਫਲ ਹਨ।

ਅਖ਼ੀਰ ਵਿੱਚ ਲਿਖਦੇ ਹਨ:

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥

ਗੁਰਮਤਿ ਵਿੱਚ ਮਨ, ਬਚਨ, ਕਰਮ ਕਰਕੇ ਹਿੰਸਾ ਦਾ ਤਿਆਗ ਕਰਨ ਅਤੇ ਸਮੂਹ ਜੀਵ ਮਾਤਰ ਪ੍ਰਤੀ ਦਇਆਵਾਨ ਹੋਣ ਦਾ ਉਪਦੇਸ਼ ਹੈ। ਜੀਵਾਂ ਤੇ ਦਇਆ ਕਰਨਾ ਇੱਕ ਮਹਾਨ ਪੁੰਨ ਕਰਮ ਹੈ। ਇਥੋਂ ਤੱਕ ਕਿ ਅਠਾਹਠ ਤੀਰਥਾਂ ਦੀ ਯਾਤਰਾ ਅਤੇ ਉੱਥੇ ਜਾ ਕੇ ਕੀਤੇ ਪੁੰਨਦਾਨ ਦਾ ਮਹਾਤਮ ਕੇਵਲ ਜੀਵਾਂ ਤੇ ਦਇਆ ਕਰਨ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ। ਬੇਸ਼ੱਕ ਗੁਰਬਾਣੀ ਦੇ ਅਨੇਕਾਂ ਪ੍ਰਮਾਣ ਹਨ ਪਰ ਉਪਰੋਕਤ ਕੁਝ ਕੁ ਪ੍ਰਮਾਣਾਂ ਨਾਲ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਕਿਸੇ ਵੀ ਜੀਵ ਦੀ ਹੱਤਿਆ ਕਰਨੀ ਪਾਪ ਹੈ। ਪਰ ਵੱਖੋ-ਵੱਖ ਪ੍ਰਸਥਿਤੀਆਂ ਵਿੱਚ 'ਹੱਤਿਆ, ਦੇ ਅਰਥ ਵੀ ਵੱਖੋ-ਵੱਖ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥

ਜੇ ਜ਼ੋਰਾਵਰ ਪੁਰਸ਼, ਮਜ਼ਲੂਮਾਂ, ਨਿਮਾਣਿਆਂ, ਨਿਤਾਣਿਆਂ, ਔਰਤਾਂ, ਬੱਚਿਆਂ ਜਾਂ ਸਾਧੂ-ਸੰਤਾਂ ਤੇ ਜ਼ੁਲਮ ਕਰਦਾ ਹੈ ਤਾਂ ਉਹ ਘੋਰ ਪਾਪ ਹੈ। ਅਜੇਹੇ ਦੁਸ਼ਟ ਵਿਅਕਤੀ ਨੂੰ ਦੰਡ ਦੇਣਾ, ਉਸ ਨੂੰ ਮਾਰਨਾ ਪਾਪ ਨਹੀਂ ਸਗੋਂ ਧਰਮੀ ਪੁਰਸ਼ ਦਾ, ਸੰਤ ਸਿਪਾਹੀ ਦਾ ਫਰਜ਼ ਹੈ ਅਤੇ ਪੁੰਨ ਕਰਮ ਹੈ।

ਜਨਮ ਸਾਖੀ ਵਿੱਚ ਛੇ ਮੁੱਖ ਹੱਤਿਆਵਾਂ ਦਾ ਜ਼ਿਕਰ ਹੈ:

ਗਊ, ਬਿਰਾਹਮਣ ਮਾਰੀਐ, ਗੋਤਰੀ ਹਤਿ ਕਰਾਇ॥
ਰਿਣ ਹੱਤਿਆ, ਕੰਨਿਆ ਹੱਤਿਆ, ਵਿਸ਼ਵਾਸਘਾਤ ਅਧਿਕਾਇ॥

ਗਊ, ਬ੍ਰਾਹਮਣ, ਕੰਨਿਆਂ ਅਤੇ ਆਪਣੀ ਵੰਸ਼ ਦੇ ਵਿਅਕਤੀ ਨੂੰ ਮਾਰਨਾ ਮੁੱਖ ਹੱਤਿਆਵਾਂ ਹਨ ਪਰ ਇਨ੍ਹਾਂ ਵਿੱਚ ਦੋ ਅਵਸਥਾਵਾਂ ਵਿੱਚ ਕਿਸੇ ਦੀ ਜਾਨ ਤੇ ਨਹੀਂ ਗਈ ਪਰ ਉਸ ਨੂੰ ਦਰਜਾ ਹੱਤਿਆ ਦਾ ਹੀ ਦਿੱਤਾ ਗਿਆ ਹੈ- ਰਿਣ ਹੱਤਿਆ ਭਾਵ ਕਰਜ਼ਾ ਲੈ ਕੇ ਨਾ ਦੇਣਾ। ਜਿਸ ਬਾਰੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦਾ ਵਾਕ ਹੈ- "ਕਰਜ਼ਾ ਲੈਣਾ, ਲੈ ਕੇ ਨਾ ਦੇਣਾ ਚੋਰੀ ਧਾੜੇ ਤੇ ਬੀ ਬੜਾ ਪਾਪ ਹੈ।" ਦੂਸਰਾ 'ਵਿਸ਼ਵਾਸਘਾਤ' ਨੂੰ ਇਨ੍ਹਾਂ ਸਾਰਿਆਂ ਤੋਂ ਵੱਡਾ ਗੁਨਾਹ ਲਿਖਿਆ ਹੈ- "ਵਿਸ਼ਵਾਸਘਾਤ ਅਧਿਕਾਇ।" ਇਨ੍ਹਾਂ ਛੇ ਹੱਤਿਆਵਾਂ ਜੇਡਾ ਗੁਨਾਹ ਹੈ, "ਖਟ ਹੱਤਿਆ ਕੇ ਤੁਲ ਹੈ ਜੇ ਗੁਰ ਤੇ ਸਿਖ ਫਿਰਿ ਜਾਇ।" ਗੁਰੂ ਤੋਂ ਬੇਮੁੱਖ ਹੋ ਜਾਣਾ ਛੇ ਹੱਤਿਆਵਾਂ ਜੇਡਾ ਪਾਪ ਲਿਖਿਆ ਹੈ। ਗੁਰਬਾਣੀ ਵਿੱਚ ਇੱਕ ਹੋਰ ਹੱਤਿਆ ਦਾ ਜ਼ਿਕਰ ਹੈ। ਗੁਰੂ ਅਮਰਦਾਸ ਜੀ ਦਾ ਰਾਗ ਮਾਝ ਵਿੱਚ ਫਰਮਾਣ ਹੈ:

ਮਨਮੁਖਿ ਅੰਧੇ ਸੁਧਿ ਨਾ ਕਾਈ॥ ਆਤਮਘਾਤੀ ਹੈ ਜਗਤ ਕਸਾਈ॥

ਆਪਣੇ ਆਪ ਨੂੰ ਖ਼ਤਮ ਕਰ ਲੈਣਾ, ਆਤਮ ਹੱਤਿਆਰੇ ਨੂੰ ਜਗਤ ਕਸਾਈ ਆਖਿਆ ਹੈ। ਇਸੇ ਲਈ ਗੁਰਮਤਿ ਵਿੱਚ ਭੁੱਖ ਹੜਤਾਲ, ਮਰਨ-ਵਰਤ ਆਦਿ ਵਰਜਿਤ ਹੈ, ਸਿੱਖ ਫਲਸਫੇ ਵਿੱਚ ਚੜ੍ਹਦੀ ਕਲਾ ਅਤੇ ਸੰਘਰਸ਼ ਦਾ ਸੰਕਲਪ ਹੈ।

ਰੋਜ਼ਾਨਾ ਅਖ਼ਬਾਰਾਂ ਵਿੱਚ ਸੁਰਖੀਆਂ ਵੇਖਦੇ ਹਾਂ ਕਿ ਕਿਸੇ ਨੇ ਗ਼ਰੀਬੀ ਤੋਂ ਤੰਗ ਹੋ ਕੇ, ਕਰਜ਼ੇ ਦੇ ਬੋਝ ਹੇਠ ਦੱਬੇ ਨੇ ਆਤਮ ਹੱਤਿਆ ਕਰ ਲਈ। ਕਈ ਨੌਜਵਾਨ ਮਾਨਸਿਕ ਪ੍ਰੇਸ਼ਾਨੀ ਕਾਰਨ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਂਦੇ ਹਨ। ਪਿਛਲੇ ਦਿਨੀਂ ਬਾਲੀਵੁੱਡ ਸਟਾਰ ਸੁਸ਼ਾਂਤ ਅਤੇ ਇੱਕ ਅਭਿਨੇਤਰੀ ਦੀ ਆਤਮ ਹੱਤਿਆ ਚਰਚਾ ਵਿੱਚ ਹੈ। ਕਰੋੜਾਂਪਤੀ ਅਮੀਰ ਲੋਕ ਵੀ ਆਤਮ ਹੱਤਿਆਵਾਂ ਦੇ ਸ਼ਿਕਾਰ ਹੁੰਦੇ ਹਨ। ਆਤਮ ਹੱਤਿਆ ਘੋਰ ਗੁਨਾਹ ਅਤੇ ਬੁਜ਼ਦਿਲੀ ਹੈ। ਅੱਜ ਦੇ ਦੌਰ ਵਿੱਚ ਅਜੇਹੀਆਂ ਮੰਦ ਘਟਨਾਵਾਂ ਦਾ ਮੁੱਖ ਕਾਰਨ ਨਸ਼ੇ, ਫਿਲਮਾਂ ਅਤੇ ਨਕਲੀ ਜ਼ਿੰਦਗੀ ਜਿਊਣਾ ਹੈ। ਫ਼ਿਲਮਾਂ ਵਿੱਚ ਲੁੱਟਾਂ-ਖੋਹਾਂ, ਜ਼ੁਲਮ, ਹੱਤਿਆਵਾਂ ਅਤੇ ਆਤਮ ਹੱਤਿਆਵਾਂ ਵੇਖ ਕੇ ਨੌਜਵਾਨਾਂ ਦੀ ਅਚੇਤ ਮਾਨਸਿਕਤਾ ਵਿੱਚ ਅਜੇਹੀ ਘਟੀਆ ਸੋਚ ਘਰ ਕਰ ਜਾਂਦੀ ਹੈ।

ਸਿੱਖਾਂ ਦੀ ਅਰਦਾਸ ਦੇ ਆਖਰੀ ਸ਼ਬਦ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ" ਹਰ ਕਿਸਮ ਦੇ ਗੁਨਾਹ ਅਤੇ ਆਤਮ ਹੱਤਿਆ ਵਰਗੀ ਬੁਜ਼ਦਲੀ ਤੋਂ ਬਚਣ ਲਈ ਚਾਨਣ ਮੁਨਾਰੇ ਵਾਂਗ ਹਨ। ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿਣਾ, ਪਰਮੇਸ਼ਰ ਵੱਲੋਂ ਮਿਲੇ ਦੁੱਖ ਅਤੇ ਸੁੱਖ ਨੂੰ ਪ੍ਰਸ਼ਾਦ ਰੂਪ ਸਮਝ ਕੇ ਉਸ ਦੇ ਭਾਣੇ ਵਿੱਚ, ਰਜ਼ਾ ਵਿੱਚ ਰਾਜ਼ੀ ਰਹਿਣਾ ਅਤੇ ਸਭ ਦਾ ਭਲਾ ਲੋਚਣਾ। ਇਹੋ ਮੂਲ ਮੰਤਰ ਹੀ ਹੱਤਿਆ ਅਤੇ ਆਤਮ-ਹੱਤਿਆ ਵਰਗੇ ਘੋਰ ਪਾਪਾਂ ਤੋਂ ਬਚਣ ਦਾ ਇੱਕੋ ਇੱਕ ਮਾਰਗ ਹੈ।

ਤੀਸਰਾ ਪਹਿਲੂ ਹੈ 'ਆਤਮ-ਬਲੀਦਾਨ'। ਈਮਾਨ ਵਾਸਤੇ, ਨਿਮਾਣੇ, ਨਿਤਾਣੇ ਅਤੇ ਮਜ਼ਲੂਮਾਂ ਦੀ ਰੱਖਿਆ ਵਾਸਤੇ ਆਪਾ ਕੁਰਬਾਨ ਕਰਨਾ, ਮਨੁੱਖਤਾ ਦੀ, ਮਹਾਨਤਾ ਦੀ ਸਿਖਰ ਹੈ।

ਆਤਮ ਬਲੀਦਾਨ ਦਾ ਸਬਕ ਸਿਖਾਇਆ, ਸ਼ਹੀਦਾਂ ਦੇ ਸਿਰਤਾਜ ਸਾਹਿਬ ਗੁਰੂ ਅਰਜਨ ਦੇਵ ਜੀ ਨੇ। ਕੇਵਲ ਆਪਣੇ ਦੀਨ-ਈਮਾਨ ਵਾਸਤੇ ਹੀ ਨਹੀਂ, ਸਗੋਂ ਕਿਸੇ ਦੇ ਧਰਮ ਦੀ ਰੱਖਿਆ ਲਈ ਜ਼ਬਰ ਦਾ ਮੁਕਾਬਲਾ ਸਬਰ ਨਾਲ ਕਰਦਿਆਂ "ਸੀਸ ਦੀਆ ਪਰ ਸਿਰਰ ਨਾ ਦੀਆ।" ਸਾਹਿਬ ਗੁਰੂ ਤੇਗ ਬਹਾਦਰ ਜੀ "ਹਿੰਦ ਦੀ ਚਾਦਰ" ਕਹਿ ਕੇ ਪੂਜੇ ਸਤਿਕਾਰੇ ਗਏ। ਸਾਹਿਬ ਦਸਮ ਪਾਤਸ਼ਾਹ ਨੇ ਦੇਸ਼ ਕੌਮ ਨੂੰ ਜ਼ਾਬਰ ਹਾਕਮਾਂ ਤੋਂ ਮੁਕਤੀ ਦਿਵਾਉਣ ਲਈ ਸਰਬੰਸ ਵਾਰ ਕੇ ਸੂਰਬੀਰਤਾ ਦੀਆਂ ਸਿਖਰਾਂ ਨੂੰ ਛੁਹਿਆ। ਅਠਾਰਵੀਂ ਸਦੀ ਵਿੱਚ ਸਿੱਖਾਂ ਨੇ ਆਤਮ-ਬਲੀਦਾਨ ਦੇ ਮਹਾਨ ਕੀਰਤੀਮਾਨ ਕਾਇਮ ਕੀਤੇ।

ਇਨ੍ਹਾਂ ਪੈੜਾਂ ਤੇ ਚੱਲਦਿਆਂ ਹੀ ਉੱਨੀਵੀਂ ਸਦੀ ਦੇ ਦੂਸਰੇ ਮੱਧ ਵਿੱਚ ਨਾਮਧਾਰੀ ਸਿੰਘਾਂ ਨੇ ਬਰਤਾਨਵੀ ਸਾਮਰਾਜ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ, ਗੁਰਧਾਮਾਂ ਦੀ ਪਵਿੱਤਰਤਾ ਬਹਾਲ ਕਰਨ ਅਤੇ ਗਊ ਗਰੀਬ ਦੀ ਰੱਖਿਆ ਲਈ ਸੰਨ 1871-72 ਈ. ਵਿੱਚ ਫਾਂਸੀਆਂ ਦੇ ਰੱਸੇ ਆਪ ਗਲਾਂ 'ਚ ਪਾ ਕੇ ਅਤੇ ਤੋਪਾਂ ਦੇ ਗੋਲੇ ਛਾਤੀਆਂ ਤੇ ਸਹਾਰ ਕੇ ਸੂਰਬੀਰਤਾ ਦੇ ਮਹਾਨ ਕੀਰਤੀਮਾਨ ਸਥਾਪਿਤ ਕੀਤੇ।

15 ਸਤੰਬਰ ਨੂੰ ਅੰਮ੍ਰਿਤਸਰ ਦੇ ਨਾਮਧਾਰੀ ਸ਼ਹੀਦੀ ਸਾਕੇ ਦਾ ਇਤਿਹਾਸਕ ਪੁਰਬ ਹੈ। ਇਨ੍ਹਾਂ ਨਾਮਧਾਰੀ ਸੂਰਬੀਰਾਂ ਨੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਅਤੇ ਗਊਆਂ ਦੀ ਰੱਖਿਆ ਲਈ, ਅੰਗਰੇਜ਼ੀ ਸਰਕਾਰ ਦੇ ਬਣਾਏ ਬੁੱਚੜਖਾਨੇ ਤੇ ਹਮਲਾ ਕੀਤਾ। ਦੋਸ਼ੀਆਂ ਨੂੰ ਦੰਡ ਦਿੱਤਾ। ਪਰ ਜਦੋਂ ਨਿਰਦੋਸ਼ ਵਿਅਕਤੀ ਫੜੇ ਗਏ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਇਨ੍ਹਾਂ ਸਿੰਘਾਂ ਨੇ ਆਪ ਅਦਾਲਤ ਵਿੱਚ ਪੇਸ਼ ਹੋ ਕੇ ਸ਼ਹਾਦਤ ਪ੍ਰਾਪਤ ਕਰਕੇ, ਆਤਮ-ਬਲੀਦਾਨ ਦੇ ਇਤਿਹਾਸ ਨੂੰ ਦੁਹਰਾਇਆ:

ਇਸ ਸਾਕੇ ਬਾਰੇ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਦੇ ਹਨ-

ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ, ਬੁੱਚੜ ਬਿਦਾਰੇ ਹਤਿਆਰੇ ਬਹੁ ਠੌਰ ਪੈ।

ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ , ਅੰਗਰੇਜ਼ੋਂ ਗਹਿ ਕੈ ਦੁਖਯਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ, ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ, ਕੋਟਲੇ ਮਲੇਰ ਫੇਰ ਥਯੋ ਸਾਕਾ ਔਰ ਪੈ॥

## ਜੰਮੂ ਕਸ਼ਮੀਰ ਵਿੱਚ ਪੰਜਾਬੀ ਨਾਲ ਵਿਤਕਰਾ ਕਿਉਂ?

ਪਿਛਲੇ ਵਰ੍ਹੇ ਤੋਂ ਜੰਮੂ ਕਸ਼ਮੀਰ ਦੇ ਪੁਨਰ-ਗਠਨ ਦੌਰਾਨ ਉੱਥੋਂ ਦੇ ਕਾਇਦੇ-ਕਾਨੂੰਨਾਂ ਵਿੱਚ ਤਬਦੀਲੀਆਂ ਹੋ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਵਿੱਚ ਹੀ ਪਿਛਲੇ ਦਿਨੀਂ ਕੇਂਦਰੀ ਕੈਬਨਿਟ ਵੱਲੋਂ ਜੰਮੂ ਤੇ ਕਸ਼ਮੀਰ ਸਰਕਾਰੀ ਭਾਸ਼ਾਵਾਂ ਬਿੱਲ 2020 ਨੂੰ ਮਨਜ਼ੂਰੀ ਦਿੱਤੀ ਗਈ। ਇਸ ਬਿੱਲ ਮੁਤਾਬਿਕ ਪੰਜ ਭਾਸ਼ਾਵਾਂ ਉਰਦੂ, ਕਸ਼ਮੀਰੀ, ਡੋਗਰੀ, ਅੰਗਰੇਜ਼ੀ ਅਤੇ ਹਿੰਦੀ ਨੂੰ ਸਰਕਾਰੀ ਭਾਸ਼ਾਵਾਂ ਵਜੋਂ ਸ਼ਾਮਿਲ ਕੀਤਾ ਗਿਆ ਹੈ। ਧਾਰਾ 370 ਖਤਮ ਕਰਨ ਤੋਂ ਪਹਿਲਾਂ ਜੰਮੂ-ਕਸ਼ਮੀਰ ਵਿੱਚ ਜੋ ਪੰਜਾਬੀ ਦਾ ਰੁਤਬਾ ਸੀ, ਉਹ ਖ਼ਤਮ ਕਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਦੇ ਇਸ ਫੈਸਲੇ ਕਾਰਨ ਵਿਸ਼ਵ ਭਰ ਵਿੱਚ ਵਸਦੇ ਸਮੁੱਚੇ ਪੰਜਾਬੀ ਭਾਈਚਾਰੇ ਵੱਲੋਂ ਸਖ਼ਤ ਰੋਸ ਜਿਤਾਇਆ ਜਾ ਰਿਹਾ ਹੈ। ਸਾਡੇ ਦੇਸ਼ ਭਾਰਤ ਵਰਸ਼ ਦੀ ਖ਼ੂਬਸੂਰਤੀ ਇਸ ਦੀ ਵੰਨ ਸੁਵੰਨਤਾ ਵਿੱਚ ਹੀ ਹੈ। ਜਿੱਥੇ ਵੱਖੋ-ਵੱਖ ਕੌਮਾਂ, ਧਰਮਾਂ ਅਤੇ ਵੱਖੋ-ਵੱਖ ਬੋਲੀਆਂ ਬੋਲਣ ਵਾਲੇ ਲੋਕ ਇਕੱਠੇ ਰਹਿੰਦੇ ਹਨ।

ਜੰਮੂ ਕਸ਼ਮੀਰ ਜਿੱਥੇ ਕਰੀਬ 25 ਤੋਂ 30% ਪੰਜਾਬੀ ਵਸਦੇ ਹਨ। ਇਹ ਪੰਜਾਬੀ ਕੇਵਲ ਸਿੱਖ ਹੀ ਨਹੀਂ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨ ਵੀ ਪੰਜਾਬੀ ਹਨ। ਮਾਂ-ਬੋਲੀ ਬੋਲਣਾ ਹਰ ਨਾਗਰਿਕ ਦਾ ਮੌਲਿਕ ਅਧਿਕਾਰ ਵੀ ਹੈ ਅਤੇ ਆਪਣੀ ਭਾਸ਼ਾ ਨੂੰ ਜਿਉਂਦਿਆਂ ਰੱਖਣ ਲਈ ਯਤਨ ਕਰਨੇ ਮੁੱਢਲਾ ਫਰਜ਼ ਵੀ ਹੈ। ਆਜ਼ਾਦ ਦੇਸ਼ ਦੀ ਸਰਕਾਰ ਦਾ ਵੀ ਮੁੱਢਲਾ ਅਤੇ ਨੈਤਿਕ ਫਰਜ਼ ਬਣਦਾ ਹੈ ਕਿ ਆਪਣੇ ਦੇਸ਼ ਵਾਸੀਆਂ ਦੇ ਮੌਲਿਕ ਅਧਿਕਾਰ ਇੱਜ਼ਤ ਨਾਲ ਉਨ੍ਹਾਂ ਦੀ ਝੋਲੀ ਪਾਵੇ ਤਾਂ ਕਿ ਲੋਕਾਂ ਦੀ ਸਰਕਾਰ ਪ੍ਰਤੀ, ਸੰਵਿਧਾਨ ਪ੍ਰਤੀ ਆਸਥਾ ਬਣੀ ਰਹੇ। ਕੈਨੇਡਾ ਵਰਗੇ ਦੇਸ਼ ਵਿੱਚ ਜਿੱਥੇ ਭਾਰਤ ਦੇ ਮੁਕਾਬਲੇ ਪੰਜਾਬੀ ਬਹੁਤ ਘੱਟ ਹਨ ਪਰ ਉੱਥੇ ਬਹੁਤ ਥਾਵਾਂ ਤੇ ਸਰਕਾਰੀ ਸਾਈਨ ਬੋਰਡਾਂ ਤੇ ਪੰਜਾਬੀ ਲਿਖੀ ਹੋਈ ਹੈ। ਉਥੋਂ ਦੀ ਸਰਕਾਰ ਨੇ ਪੰਜਾਬੀ ਨੂੰ ਚੋਣਵੇਂ ਵਿਸ਼ੇ ਵਜੋਂ ਮਾਨਤਾ ਦਿੱਤੀ ਹੈ। ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਲਈ ਉਚੇਚੇ ਅਧਿਆਪਕ ਨਿਯੁਕਤ ਕੀਤੇ ਜਾਂਦੇ ਹਨ। ਇਸ ਸਾਰੇ ਕੁਝ ਲਈ ਪੰਜਾਬੀਆਂ ਨੂੰ ਉੱਥੇ ਕੋਈ ਸੰਘਰਸ਼ ਨਹੀਂ ਕਰਨੇ ਪਏ ਸਗੋਂ ਉਥੋਂ ਦੇ ਕੰਮਾਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਅਤੇ ਉੱਥੇ ਵੱਸਦੇ ਪੰਜਾਬੀਆਂ ਦੀ ਸਹੂਲਤ ਲਈ ਸਰਕਾਰ ਨੇ ਆਪਣੇ ਆਪ ਇਹ ਸਾਰੇ ਪ੍ਰਬੰਧ ਕੀਤੇ ਹਨ।

ਕੇਵਲ ਭੂਗੋਲਿਕ ਸਰਹੱਦਾਂ ਦੀ ਸੁਰੱਖਿਆ ਹੀ ਸਰਕਾਰਾਂ ਦਾ ਫ਼ਰਜ਼ ਨਹੀਂ ਹੁੰਦਾ ਸਗੋਂ ਦੇਸ਼ ਵਾਸੀਆਂ ਦੇ ਧਰਮ, ਸੱਭਿਆਚਾਰ, ਮਾਤ-ਭਾਸ਼ਾ ਆਦਿ ਦੀ ਸੁਤੰਤਰਤਾ ਮੁਹੱਈਆ ਕਰਵਾਉਣੀ ਅਤੇ ਸਿਹਤ, ਸਿੱਖਿਆ, ਸੁਰੱਖਿਆ ਆਦਿ ਮੁੱਢਲੀਆਂ ਸਹੂਲਤਾਂ ਹਰ ਨਾਗਰਿਕ ਨੂੰ ਦੇਣੀਆਂ ਵੀ ਸਰਕਾਰ ਦਾ ਮੁੱਢਲਾ ਫਰਜ਼ ਹੈ। ਪ੍ਰਧਾਨ ਮੰਤਰੀ ਜੀ ਨੇ ਇਹ ਵੀ ਕਿਹਾ ਹੈ ਕਿ ਰਾਸ਼ਟਰੀ ਸਿਖਿਆ ਨੀਤੀ ਕਿਸੇ ਸਰਕਾਰ ਦੀ ਨਹੀਂ ਸਗੋਂ ਸਮੁੱਚੇ ਦੇਸ਼ ਦੀ ਹੈ। ਇਸ ਲਈ ਸਾਡੀ ਪੁਰਜੋਰ ਬੇਨਤੀ ਹੈ ਕਿ ਪੰਜਾਬੀਆਂ ਨੂੰ ਵੀ ਇਸ ਦੇਸ਼ ਦਾ ਇੱਕ ਮਹੱਤਵਪੂਰਨ ਅੰਗ ਸਮਝਕੇ ਪੰਜਾਬੀ ਭਾਸ਼ਾ ਨੂੰ ਦੇਸ਼ ਭਰ ਵਿੱਚ ਬਣਦਾ ਸਥਾਨ ਦਿੱਤਾ ਜਾਵੇ।

ਨਾਮਧਾਰੀ ਸਿੱਖ ਸਮਾਜ ਸਤਿਗੁਰੂ ਰਾਮ ਸਿੰਘ ਜੀ ਵੇਲੇ ਤੋਂ ਹੀ ਮਾਂ-ਬੋਲੀ ਪੰਜਾਬੀ ਦਾ ਝੰਡਾ ਬਰਦਾਰ ਰਿਹਾ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਜਦੋਂ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਦੇ ਮੁੱਢਲੇ ਅਧਿਕਾਰ ਲੈਣ ਲਈ ਸੰਘਰਸ਼ ਕਰਨਾ ਪੈ ਰਿਹਾ ਸੀ। ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਦਾ ਮਾਂ ਬੋਲੀ ਬਾਰੇ 15 ਸਤੰਬਰ 1957 ਦਾ ਬੜਾ ਜ਼ੋਰਦਾਰ ਕਥਨ ਹੈ- "ਮੇਰੇ ਭਰਾਵਾਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਮੇਰਾ ਐਡਾ ਵੱਡਾ ਮੁਲਕ ਹੈ, ਸਾਡੀਆਂ ਐਨੀਆਂ ਬੋਲੀਆਂ ਹਨ। ਇਹਨੂੰ ਗੁਰਮੁਖੀ ਨੂੰ ਉਤਾਂਹ ਲਿਜਾਣਾ ਚਾਹੀਦਾ ਹੈ, ਦਬਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਨੂੰ ਹੇਠਾਂ ਨਹੀਂ ਸੁੱਟਣਾ ਚਾਹੀਦਾ, ਸਾਡੀ ਮਾਦਰੀ ਜ਼ੁਬਾਨ ਹੈ, ਸਾਡੀ ਘਰ ਦੀ ਚੀਜ਼ ਹੈ। ਇਹਦੇ ਵਿੱਚ ਜੇ ਅਗਰ ਮੇਰੇ ਤੇ ਕੋਈ ਨਾਰਾਜ਼ ਹੈ ਤਾਂ ਬੇਸ਼ੱਕ ਹੋਵੇ, ਅਸੀਂ ਪੰਜਾਬੀ ਹਾਂ, ਪੰਜਾਬੀ ਬੋਲਣਾ ਸਾਡਾ ਹੱਕ ਹੈ, ਸਾਨੂੰ ਬੋਲਣੀ ਚਾਹੀਦੀ ਹੈ ਔਰ ਗੁਰਮੁਖੀ ਲਿਪੀ ਦਾ ਕਦੇ ਤ੍ਰਿਸਕਾਰ ਨਹੀਂ ਹੋਣਾ ਚਾਹੀਦਾ।"

ਨਾਮਧਾਰੀ ਦਰਬਾਰ ਅਤੇ ਅਦਾਰਾ ਸਤਿਜੁਗ ਕੇਂਦਰ ਸਰਕਾਰ ਨੂੰ ਪੁਰਜ਼ੋਰ ਬੇਨਤੀ ਕਰਦਾ ਹੈ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਮਾਨਯੋਗ ਸ੍ਰੀ ਨਰਿੰਦਰ ਮੋਦੀ ਜੀ ਦੇ ਕਥਨ 'ਸਭ ਕਾ ਸਾਥ, ਸਭ ਕਾ ਵਿਕਾਸ' ਅਨੁਸਾਰ ਜੰਮੂ ਕਸ਼ਮੀਰ ਵਿੱਚ ਵੱਸਦੇ ਪੰਜਾਬੀਆਂ ਦੇ ਸਾਥ ਅਤੇ ਉਨ੍ਹਾਂ ਦੇ ਵਿਕਾਸ ਲਈ ਉਨ੍ਹਾਂ ਨੂੰ ਮਾਤ ਭਾਸ਼ਾ ਨੂੰ ਸਹੂਲਤ ਦਿੱਤੀ ਜਾਵੇ।

ਅਸੀਂ ਉਮੀਦ ਕਰਦੇ ਹਾਂ ਕਿ ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਕਾਰਜਸ਼ੀਲ ਪੰਜਾਬੀ ਸਾਹਿਤਕ ਸੰਸਥਾਵਾਂ ਇੱਕ ਜੁੱਟ ਹੋ ਕੇ ਜੰਮੂ ਕਸ਼ਮੀਰ ਵਿੱਚ ਪੰਜਾਬੀ ਭਾਸ਼ਾ ਨੂੰ ਉੱਥੋਂ ਦੀਆਂ ਸਥਾਨਕ ਬੋਲੀਆਂ ਵਿੱਚ ਸ਼ਾਮਲ ਕਰਨ ਅਤੇ ਚੋਣਵੇਂ ਵਿਸ਼ੇ ਵਜੋਂ ਲਾਗੂ ਕਰਵਾਉਣ ਲਈ ਉਚੇਚੇ ਯਤਨ ਕਰਨਗੀਆਂ।

**-ਸੇਵਕ ਹਰਪਾਲ ਸਿੰਘ**
Email: harpalsewak2@gmail.com
Mob. 94176-01321

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**6 ਸਤੰਬਰ 2020** **ਸ੍ਰੀ ਭੈਣੀ ਸਾਹਿਬ**

ਜਿਸ ਪਾਤਸ਼ਾਹ ਨੇ ਇਹ ਰੂਪ ਦਿੱਤਾ ਇਸ ਪ੍ਰਯੋਗ ਨੂੰ ਜਿਹੜਾ ਘਰਾਂ-ਘਰਾਂ, ਪਿੰਡਾਂ-ਪਿਡਾਂ ਤੇ ਦੇਸਾਂ ਪ੍ਰਦੇਸਾਂ ਵਿੱਚ ਹੋਣ ਲੱਗ ਪਿਆ। ਉਸ ਪਾਤਸ਼ਾਹ ਨੂੰ ਯਾਦ ਕਰੀਏ ਸਾਰੇ ਗੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ। ਇਸ ਸਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਮਨਾਂ ਰਹੇ ਹਾਂ। ਕੋਰੋਨਾ ਮਹਾਂਮਾਰੀ ਕਰਕੇ ਅਸੀਂ ਉਸ ਢੰਗ ਨਾਲ ਮੇਲੇ ਨਹੀਂ ਮਨਾ ਸੱਕੇ ਜਿਸ ਤਰ੍ਹਾਂ ਅਸੀਂ ਮਨਾਉਣੇ ਚਾਹੁੰਦੇ ਸੀ। ਇਸ ਵੇਲੇ ਦੁਨੀਆਂ ਤੇ ਫੈਲੀ ਮਹਾਂਮਾਰੀ ਕਰਕੇ ਲੋਕ ਕਿੰਨੇ ਦੁੱਖੀ ਨੇ ਪਰ ਜੇ ਤੁਸੀਂ ਇੱਥੋਂ (ਸ੍ਰੀ ਭੈਣੀ ਸਾਹਿਬ) ਦਾ ਮਾਹੌਲ ਦੇਖੋ ਕਿ ਇਥੇ ਸਾਧ ਸੰਗਤ ਇਕੱਠੀ ਹੋ ਕੇ ਨਾਮ-ਜੱਪਦੀ ਹੈ, ਬੈਕੁੰਠ ਨੁਮਾ ਮਾਹੌਲ ਬਣਿਆ ਹੈ, ਇਹ ਸਾਰੀ ਸਤਿਗੁਰੂ ਜੀ ਦੀ ਕਿਰਪਾ ਹੈ। ਬਹੁਤ ਸਾਰੀ ਸੰਗਤ ਨੇ ਆਪੋ ਆਪਣੇ ਘਰਾਂ ਵਿੱਚ ਪ੍ਰਯੋਗ ਸ਼ੁਰੂ ਕਰ ਲਏ ਹਨ। ਉਹ ਵੀ ਸਤਿਗੁਰੂ ਜੀ ਦੀ ਕਿਰਪਾ ਨਾਲ ਹੀ ਨਾਮ ਜੱਪ ਰਹੇ ਹਨ। ਇਥੇ ਸ੍ਰੀ ਭੈਣੀ ਸਾਹਿਬ 10 ਸਤੰਬਰ 2020 ਤੋਂ ਜੱਪ ਪ੍ਰਯੋਗ ਸ਼ੁਰੂ ਕਰਾਂਗੇ। ਉਸਦੀ ਸਵੇਰੇ 3 ਵਜੇ ਅਰਦਾਸ ਹੋਇਆ ਕਰੇਗੀ ਤੇ ਸਮਾਪਤੀ 6:30 ਵਜੇ ਅਤੇ ਦੁਪਹਿਰੇ 12 ਵਜੇ ਸ਼ੁਰੂ ਹੋ ਕੇ 3:30 ਵਜੇ ਤੱਕ ਸੰਗਤ ਇਕੱਠੀ ਹੋਵੇਗੀ। ਇਸ ਜੱਪ ਪ੍ਰਯੋਗ ਵਿੱਚ ਸ਼ਾਮਿਲ ਹੋਣ ਲਈ ਬਾਹਰੋਂ ਬੜੀ ਸੰਗਤ ਦਾ ਆਉਣ ਨੂੰ ਜੀਅ ਕਰਦਾ ਹੈ ਪਰ ਇਸ ਵਾਰ ਹਾਲਾਤ ਨੂੰ ਦੇਖਦੇ ਹੋਏ ਉਹਨਾਂ ਨੂੰ ਬੇਨਤੀ ਹੈ ਕਿ ਆਪੋ-ਆਪਣੇ ਘਰਾਂ 'ਚ ਹੀ ਬੈਠ ਕੇ ਆਪਾਂ ਟੈਕਨੋਲਜੀ ਦਾ ਸਦ ਉਪਯੋਗ ਕਰਕੇ ਸਵੇਰ ਅਤੇ ਦੁਪਹਿਰ ਦੇ ਪ੍ਰੋਗਰਾਮ ਨਾਲ ਜੁੜ ਸਕਦੇ ਹੋ। ਸ੍ਰੀ ਭੈਣੀ ਸਾਹਿਬ ਹੋਣ ਵਾਲਾ ਪ੍ਰੋਗਰਾਮ ਤੁਸੀਂ ਲਾਈਵ ਦੇਖ ਸਕਦੇ ਹੋ ਅਤੇ ਅਰਦਾਸ ਵਿੱਚ ਸ਼ਾਮਿਲ ਹੋ ਸਕਦੇ ਹੋ।

ਦੂਸਰੀ ਬੇਨਤੀ ਹੈ ਕਿ ਸ੍ਰੀ ਭੈਣੀ ਸਾਹਿਬ ਵਿਖੇ ਜਿਹੜੀਆਂ ਮਾਤਾਵਾਂ ਜਾਂ ਸਿੰਘ ਬਜ਼ੁਰਗ ਹਨ ਜਾਂ ਜਿਹਨਾਂ ਦੀ ਸਿਹਤ ਠੀਕ ਨਹੀਂ ਉਹ ਵੀ ਆਪੋ ਆਪਣੇ ਘਰ ਬੈਠ ਕੇ ਹੀ ਟੈਕਨੋਲਜੀ ਦੇ ਸਹਾਰੇ ਪ੍ਰਯੋਗ ਵਿੱਚ ਸ਼ਾਮਿਲ ਹੋਣ। ਤੁਹਾਡੀ ਓਥੇ ਬੈਠਿਆਂ ਹੀ ਹਾਜ਼ਰੀ ਮਨਜ਼ੂਰ ਹੈ। ਜਦੋਂ ਤੁਸੀਂ ਅਰਦਾਸ ਜਾਂ ਆਸਾ ਦੀ ਵਾਰ ਨੂੰ ਸਰਵਣ ਕਰੋ ਉਸ ਤੋਂ ਪਹਿਲਾਂ ਤੁਹਾਡਾ ਸਣੇਕੇਸੀ ਇਸ਼ਨਾਨ ਜ਼ਰੂਰ ਕੀਤਾ ਹੋਵੇ।

ਜਿਥੇ ਜਿਥੇ ਵੀ ਤੁਸੀਂ ਘਰਾਂ ਵਿੱਚ ਜੱਪ ਪ੍ਰਯੋਗ ਕਰ ਰਹੇ ਹੋ, ਆਪਣੇ ਇਲਾਕੇ ਦੇ ਪ੍ਰਬੰਧਕ ਨੂੰ ਦੱਸ ਕੇ ਉਸਦੀ ਰਿਪੋਰਟ ਇਥੇ ਭੈਣੀ ਸਾਹਿਬ ਹਰਕੀਰਤ ਸਿੰਘ ਨੂੰ ਜ਼ਰੂਰ ਪਹੁੰਚਾਓ ਤਾਂ ਕਿ ਸਾਨੂੰ ਪਤਾ ਲੱਗ ਸੱਕੇ ਕਿ ਹਰ ਰੋਜ਼ ਕਿੰਨੇ ਸਰੀਰ ਨਾਮ ਸਿਮਰਨ ਕਰਦੇ ਹਨ।

ਇਹ ਸਾਰਾ ਕੁਝ ਕਰਦਿਆਂ ਸਾਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਹਮੇਸ਼ਾ ਰਹੇ। ਇਹ ਜੱਪ ਪ੍ਰਯੋਗ ਵੀ ਖਾਸ ਕਰਕੇ ਉਹਨਾਂ ਦੀ ਯਾਦ ਨੂੰ ਸਮਰਪਿੱਤ ਹੈ। ਵੱਧ ਤੋਂ ਵੱਧ ਸੰਗਤ ਇਸ ਵਿੱਚ ਹਿੱਸਾ ਲਵੇ।

ਇਥੇ ਪ੍ਰਯੋਗ ਵਿੱਚ ਆਉਣ ਵਾਲੇ ਖਾਸ ਧਿਆਨ ਰੱਖਣ ਕਿ ਆਉਂਦੇ ਜਾਂਦੇ ਸਮੇਂ ਮਾਸਕ ਲਾ ਕੇ ਰੱਖੋ। ਸੰਗਤ ਵਿੱਚ ਬੈਠਣ ਲੱਗਿਆਂ ਕੋਸ਼ਿਸ਼ ਕਰੋ ਕਿ ਇਕ ਦੂਜੇ ਤੋਂ ਦੂਰੀ ਬਣਾ ਕੇ ਰੱਖੋ।

ਨਾਮ ਜੱਪਦਿਆਂ ਇਹ ਅਰਦਾਸ ਕਰਿਆ ਕਰੋ ਕਿ ਸੱਚੇ ਪਾਤਸ਼ਾਹ ਸਾਡੇ ਵਿੱਚ ਹਿੰਮਤ ਨਹੀਂ ਅਸੀਂ ਨਾਮ ਜੱਪ ਸਕੀਏ ਆਪ ਹੀ ਕਿਰਪਾ ਕਰੋ ਤੇ ਅਸੀਂ ਨਾਮ ਸਿਮਰਨ ਕਰ ਸਕੀਏ। ਕਿਉਂਕਿ ਜਦੋਂ ਅਸੀਂ ਨਾਮ ਜੱਪਦੇ ਹਾਂ ਅਤੇ ਸਾਨੂੰ ਸਤਿਗੁਰੂ ਚੇਤੇ ਰਹਿੰਦਾ ਹੈ ਤਾਂ ਦੁੱਖ ਸਾਡੇ ਨੇੜੇ ਨਹੀਂ ਆਉਂਦੇ। ਸੱਚੇ ਪਾਤਸ਼ਾਹ ਕਿਰਪਾ ਕਰਨ! ਸਾਡੇ ਤੋਂ ਇਹ ਸ਼ੁੱਭ ਕਰਮ ਆਪ ਹੀ ਕਰਵਾ ਲੈਣ।

ਸਤਿ ਸ੍ਰੀ ਅਕਾਲ॥

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ
## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

ਦੁਕਾਨ ਮਾਲਕ ਸ. ਹਰਜੀਤ ਸਿੰਘ ਬੱਬਰ ਬੋਲਿਆ : ਮੇਰੀ ਦਸਤਾਰ ਤੇ ਮੇਰੇ ਨਾਮਧਾਰੀ ਹੋਣ ਨੂੰ ਸਾਰੀ ਜਨਕਪੁਰੀ ਜਾਣਦੀ ਹੈ। ਸਾਰੇ ਵੱਡੇ ਵੱਡੇ ਰੈਸਪੈਕਟ ਕਰਦੇ ਹਨ ਅਤੇ ਉਸਨੇ ਆਪਣੇ ਬੈਗ ਵਿੱਚੋਂ ਅਰਜਨ ਸਿੰਘ ਵਾਈਸ ਪ੍ਰੈਜ਼ੀਡੈਂਟ ਇੰਡੀਆ ਨੈਸ਼ਨਲ ਕਾਂਗ੍ਰਸ ਦੇ ਇਕ ਦੋ ਮਨਿਸਟਰਾਂ ਤੇ ਕੁਛ ਲੋਕਲ ਅਧਿਕਾਰੀਆਂ ਦੀਆਂ ਚਿੱਠੀਆਂ, ਇਹਦੀ ਫੇਵਰ ਵਿੱਚ ਲਿਖੀਆਂ ਵਖਾਈਆਂ। ਪਰ ਉਹ ਚਾਹੁੰਦਾ ਸੀ ਕਿ ਮੇਰੀ ਮਦਦ ਮੇਰਾ ਪੰਥ ਕਿਉਂ ਨ ਕਰੇ? ਹੰਸਪਾਲ ਜੀ ਨੇ ਜਵਾਬ ਦੇ ਦਿੱਤਾ ਹੈ। ਸੱਚੇ ਪਾਤਸ਼ਾਹ ਕਹਿੰਦੇ ਹਨ ਹੰਸਪਾਲ ਜੀ ਨੂੰ ਮਿਲੋ। ਜੋ ਬਣ ਪਵੇ ਮਦਦ ਕਰਾਂਗੇ।

ਬਾਅਦ ਵਿੱਚ ਸਕੱਤਰ ਤੋਂ ਬੱਬਰ ਦੇ ਕੇਸ ਬਾਰੇ ਪਤਾ ਕੀਤਾ। ਉਸ ਦੱਸਿਆ : ਇਹ ਦੁਕਾਨ ਕਰਾਏ ਤੇ ਇਸ ਪਾਸ ਸੀ। ਸਰਕਾਰ ਤੋਂ ਮਾਲਕ ਨੂੰ ਮੁਆਵਜ਼ਾ ਮਿਲਦਾ ਹੈ। ਇਹ ਕਹਿੰਦਾ ਹੈ ਮਾਲਕ ਨੂੰ ਕੁਛ ਨਾ ਦੇ ਕੇ ਸਾਰੀ ਰਕਮ ਮੈਨੂੰ ਦਿਵਾਓ। ਇਹ ਕਿਵੇਂ ਹੋਵੇ। ਹਾਂ ਦੁਕਾਨ ਦੇ ਮਾਲਕ ਤੋਂ ਜ਼ਰੂਰ ਕੁਛ ਨ ਕੁਛ ਦਵਾਇਆ ਜਾ ਸਕਦਾ ਹੈ।

**ਅਨਿਸ਼ਚਤਤਾ –** ਅੱਜ ਸਤਿਗੁਰੂ ਜੀ ਤੇ ਹੋਰ ਜਥੇ ਨੇ ਥਾਈਲੈਂਡ ਲਈ ਜਹਾਜ਼ ਲੈਣਾ ਹੈ ਪਰ ਕਿਵੇਂ ਤੇ ਕਦੋਂ ਜਾਣਾ ਹੈ 11 ਵਜੇ ਤੱਕ ਇਹਦਾ ਪਤਾ ਨਹੀਂ। ਕੁਇਕ ਟ੍ਰੈਵਲਜ਼ ਦੇ ਸ਼ੇਰ ਸਿੰਘ ਚਾਵਲਾ ਹੁਰਾਂ ਤਾਂ ਪ੍ਰੋਗਰਾਮ ਏਥੋਂ ਬੰਬਈ ਅਤੇ ਬੰਬਈਓਂ ਬੈਂਕੋਕ ਜਾਣ ਦਾ ਬਣਾਇਆ ਸੀ। ਸਤਿਗੁਰੂ ਜੀ ਦੇ ਸਕੱਤਰ ਨੇ ਜ਼ੋਰ ਦਿੱਤਾ ਹੈ, ਸਾਰਾ ਜਥਾ ਹੀ ਸਤਿਗੁਰੂ ਜੀ ਨਾਲ ਦਿੱਲੀਓਂ ਸਿੱਧਾ ਬੈਂਕੋਕ ਨੂੰ ਜਾਵੇ। ਇਸ ਲਈ ਅੱਜ ਫੇਰ ਕੋਸ਼ਿਸ਼ ਲੜਾਈ ਜਾ ਰਹੀ ਹੈ। ਸੁ ਅਜੇ ਤੱਕ ਪਤਾ ਨਹੀਂ ਕਿਵੇਂ ਜਾਇਆ ਜਾਇ। ਸਾਰੇ ਅਨਿਸ਼ਚਤਤਾ ਦੀ ਹਾਲਤ ਵਿੱਚ ਹਨ।

**ਸਾਹਿਬਪੁਰੇ ਦਰਸ਼ਨ –** ਤਰਸੇਮ ਸਿੰਘ ਹੁਰਾਂ ਕਿਹਾ ਸੀ ਕਿ 3 ਵਜੇ ਫੋਨ ਕਰਕੇ ਜਾਣ ਬਾਰੇ ਪਤਾ ਕਰ ਲੈਣਾ, ਮੈਂ ਤਿਆਰ ਹੋ ਕੇ 3.30 ਤੱਕ ਕੋਠੀ ਪੁੱਜ ਗਿਆ। ਮੇਰੀ ਸ਼੍ਰੀਮਤੀ ਵੀ ਨਾਲ ਗਈ ਵਿਦਾ ਕਰਨ। ਕੋਠੀ ਆਇਆਂ ਚੁਪਦਾਨ ਵੇਖਿਆਂ ਮਾਲੂਮ ਕੀਤਾ : ਸੱਚੇ ਪਾਤਸ਼ਾਹ? 'ਉਹ ਤਾਂ ਜੀ ਸਾਹਿਬਪੁਰੇ ਗਏ ਹਨ, ਦੀਵਾਨ ਓਥੇ ਹੈ।' ਫੇਰ ਜਦੋਂ ਸ. ਜੰਗ ਬਹਾਦਰ ਸਿੰਘ ਮਿਲਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਨੇ ਨਵੇਂ ਮਕਾਨ ਦੀ ਨੀਂਹ ਰੱਖਣੀ ਸੀ ਸਤਿਗੁਰੂ ਜੀ ਇਸ ਵਾਸਤੇ ਸਾਹਿਬਪੁਰੇ ਪਧਾਰੇ ਸਨ। ਏਥੇ ਸੰਤ ਧਰਮ ਸਿੰਘ ਜਥੇਦਾਰ ਦੇ ਘਰ ਵੀ ਚਰਨ ਪਾਏ ਅਤੇ ਇੱਕ ਹੋਰ ਵੀ ਪਰ ਨਾਮ ਸਿਮਰਨ ਅਤੇ ਕੀਰਤਨ ਦਾ ਪ੍ਰੋਗਰਾਮ 5 ਤੋਂ 7 ਤੱਕ ਰਮੇਸ਼ ਨਗਰ ਧਰਮਸਾਲਾ ਵਿਖੇ ਹੀ ਹੋਇਆ।

**ਬੈਂਕੋਕ ਨੂੰ –** ਸ. ਸ਼ੇਰ ਸਿੰਘ ਚਾਵਲਾ ਨੂੰ ਫੋਨ ਕਰਨ ਤੇ ਪਤਾ ਲੱਗਾ ਕਿ ਰਾਤੀਂ 12.30 ਵਜੇ ਏਥੋਂ ਚੱਲਿਆ ਜਾਵੇਗਾ ਤੇ ਏਅਰਪੋਰਟ ਤੋਂ ਜਪਾਨ ਏਅਰ ਲਾਈਨ ਦਾ ਜਹਾਜ਼ 4 ਵਜੇ ਸਵੇਰੇ ਚੱਲੇਗਾ। ਉਸ ਤੇ ਜਾਣਾ ਹੈ। ਮੈਂ ਵਾਪਸ ਘਰ ਜਾ ਕੇ ਰਾਤੀਂ 9 ਵਜੇ ਫਿਰ ਆਇਆ। ਕੋਠੀ ਵਿੱਚ ਸੁਖਦਾਈ ਸਥਾਨ ਮਿਲ ਗਿਆ। ਰਾਤ 12.00 ਵਜੇ ਦੁਆਰ ਤੇ ਦਸਤਕ ਹੋਈ ਤਾਂ ਉੱਠ ਕੇ ਸ਼ਨਾਨ ਪਾਣੀ ਕਰ ਲਿਆ।

ਸਾਰਾ ਜਥਾ 1 ਵਜੇ ਤੱਕ ਜਾਣ ਲਈ ਤਿਆਰ ਹੋ ਗਿਆ। ਸ੍ਰੀ ਸਤਿਗੁਰੂ ਜੀ 3.45 ਵਜੇ ਏਅਰ ਪੋਰਟ ਤੇ ਪੁੱਜਣਗੇ। ਸੰਤ ਸੁਖਦੇਵ ਸਿੰਘ-ਜੁਗਿੰਦਰ ਸਿੰਘ ਬਾਲੀ ਨਗਰ, ਸ. ਸੁਰਿੰਦਰ ਸਿੰਘ ਰਮੇਸ਼ ਨਗਰ ਅਤੇ ਦੋ ਤਿੰਨ ਹੋਰ ਗੱਡੀਆਂ ਸਵਾਰੀਆਂ ਲੈ ਕੇ ਏਅਰ ਪੋਰਟ ਨੂੰ ਚੱਲੀਆਂ।

18-19 ਕਿਲੋਮੀਟਰ ਦੀ ਦੂਰਾਈ ਤੇ ਪਹਿਲੇ ਹਵਾਈ ਅੱਡੇ ਦੇ ਨਾਲ ਕਰਕੇ ਹੀ ਨਵੀਂ ਏਅਰ ਪੋਰਟ ਇੰਦਰਾ ਗਾਂਧੀ ਇੰਟਰ ਨੈਸ਼ਨਲ ਏਅਰ ਪੋਰਟ ਬਣੀ ਹੈ, ਵੱਡਾ ਵਿਸ਼ਾਲ ਇਲਾਕਾ ਪੋਰਟ ਲਈ ਵਰਤਿਆ ਗਿਆ ਹੈ। ਮੋਸਟ ਅਪਟੂਡੇਟ ਤਰੀਕੇ ਦੀ ਇਹ ਏਅਰ ਪੋਰਟ ਹੈ। ਇਸ ਵਿੱਚ ਜਹਾਜ਼ਾਂ ਤੇ ਅਪੜਨ ਲਈ, ਬੱਸਾਂ ਦੀ ਲੋੜ ਨਹੀਂ, ਜਹਾਜ਼ ਹੀ ਬੰਦ ਗਲੀਆਂ ਨਾਲ ਆਣ ਲੱਗਦੇ ਹਨ। ਪੋਰਟ ਦੇ ਅੰਦਰ ਗਿਆਂ ਇਸਦੀ ਵਿਸ਼ਾਲਤਾ ਘਣੇਰੀ ਲੱਗਦੀ ਹੈ। ਆਰਾਮ ਕਰਨ ਲਈ ਜਗਹ, ਸਮਾਨ ਤੁਲਾਈ ਦੇ ਕੰਪਿਊਟਰ, ਕੰਡੇ ਕਿੰਨੇ ਸਾਰੇ, ਇਮੀਗ੍ਰੇਸ਼ਨ ਚੈਕਿੰਗ ਦੇ ਅਨੇਕਾਂ ਬੂਥ, ਸਕਿਊਰਟੀ ਚੈਕਿੰਗ, ਸਮਾਨ ਚੈਕਿੰਗ, ਵੇਟਿੰਗ ਹਾਲ, ਗੱਲ ਕੀ ਅੰਦਰ ਵੜਿਆਂ ਏਅਰ ਪੋਰਟ ਦੀ ਨਵੀਨਤਾ ਅਤੇ ਵਿਸ਼ਾਲਤਾ ਟੁੰਬਵੇਂ ਹਨ।

ਸਾਡੇ ਹੀ ਕੀ ਸਭਨਾਂ ਦੇ ਪਾਸਪੋਰਟ ਟਿਕਟਾਂ ਅੰਦਰੂਨੀ ਭਾਗ ਵਿੱਚ ਦਾਖਲੇ ਤੋਂ ਪਹਿਲਾਂ ਦੋ ਥਾਈਂ ਪੁਲਿਸ ਵਲੋਂ ਚੈੱਕ ਕੀਤੇ

ਜਾਂਦੇ ਹਨ। ਸਚਮੁੱਚ ਹੀ ਸਾਡੇ ਗਰੁੱਪ ਨੂੰ ਜਹਾਜ਼ ਵਿੱਚ ਦਾਖਲੇ ਤੋਂ ਪਹਿਲਾਂ ਲੁੜੀਦੀਆਂ ਪੜਤਾਲਾਂ ਦਾ ਡਾਲਰ ਖਰੀਦ ਆਦਿ ਤੋਂ ਵਿਹਲ ਨਹੀਂ ਮਿਲਿਆ। ਜਦੋਂ ਅਸੀਂ ਕਸਟਮ ਵਾਲਿਆਂ ਪਾਸ-ਮੈਂ ਕੈਮਰਾ ਦਰਜ ਕਰਵਾਣ ਤੇ ਸ. ਦਲਜੀਤ ਸਿੰਘ ਆਪਣਾ ਕੁਛ ਸਮਾਨ ਪਾਸਪੋਰਟ ਤੇ ਦਰਜ ਕਰਵਾਣ ਗਏ ਤਾਂ ਸ. ਸੁਰਿੰਦਰ ਸਿੰਘ ਮਨਚੰਦਾ ਦੀ ਇੱਕ ਸੋਨ ਘੜੀ ਅੰਕਤ ਕੀਤੀ ਜਾ ਰਹੀ ਸੀ, ਜਿਸਦੀ ਕੀਮਤ 40000/- ਲਾਈ ਗਈ।

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਏਅਰ ਪੋਰਟ ਤੇ 3 ਵਜੇ ਦੇ ਕਰੀਬ ਹੋਏ ਤੇ 3.15 ਤੱਕ ਅਸੀਂ ਜਹਾਜ਼ ਵਿੱਚ ਸਵਾਰ ਸਾਂ। ਹੁਣ ਜਾਣ ਵਾਲੇ ਗਰੁੱਪ ਵਿੱਚ ਕੁੱਲ ਹੇਠ ਲਿਖੇ ਵਿਅਕਤੀ ਸਨ-

1.ਸ੍ਰੀ ਸਤਿਗੁਰੂ ਜੀ
2. ਬੇਬੇ ਦਲੀਪ ਕੌਰ ਜੀ
3. ਸੰਤ ਤਰਸੇਮ ਸਿੰਘ ਸਕੱਤਰ
4. ਸੰਤ ਮਹਿੰਦਰ ਸਿੰਘ ਪੂਰਬਾ, ਖਜ਼ਾਨਚੀ
5. ਸੰਤ ਬਲਦੇਵ ਸਿੰਘ ਨਿਜੀ ਸੇਵਕ
6. ਸਾਬਕਾ ਸੇਵਕ ਗੁਲਜ਼ਾਰ ਸਿੰਘ
7. ਪੰਡਿਤ ਗੋਪਾਲ ਸਿੰਘ
8. ਪ੍ਰੀਤਮ ਸਿੰਘ ਕਵੀ
9. ਹਰਬੰਸ ਸਿੰਘ ਘੁੱਲਾ ਰਾਗੀ
10. ਸੁਖਵਿੰਦਰ ਸਿੰਘ ਪਿੰਕੀ (ਤਬਲਾ)
11. ਸ. ਦਲਜੀਤ ਸਿੰਘ ਸੋਖੀ
12. ਬੀਬੀ ਗੁਰਦੀਪ ਬਾਵੇ
13. ਉਪਰੋਕਤ ਜੋੜੀ ਦਾ ਲੜਕਾ
14. ਗੁਰਚਰਨ ਸਿੰਘ ਡਰਾਈਵਰ
15. ਸੰਤ ਅਵਤਾਰ ਸਿੰਘ ਘੁੰਮਣ
16. (ਸੁਪਤਨੀ) ਲਖਵਿੰਦਰ ਕੌਰ
17. ਸੰਤ ਸੁਖਦੇਵ ਸਿੰਘ ਸੰਤ ਨਗਰ
18. ਬੀਬੀ ਗੁਰਮੀਤ ਕੌਰ
19. ਸੰਤ ਸਤਨਾਮ ਸਿੰਘ ਸੰਤ ਨਗਰ
20. ਨਾਨਕ ਸਿੰਘ ਸੰਤ ਨਗਰ
21. ਸ. ਸੁਰਿੰਦਰ ਸਿੰਘ ਮਨਚੰਦਾ

## 11 ਸਤੰਬਰ 1986, ਵੀਰਵਾਰ
## ਬੈਂਕੋਕ, ਥਾਈਲੈਂਡ

ਇਸ ਦਿਨ ਦਾ ਆਰੰਭ ਤਾਂ ਦਿੱਲੀ ਵਿਖੇ ਹੋ ਚੁੱਕਾ ਸੀ। ਸਾਡਾ ਜਹਾਜ ਜਿਸਦਾ ਨੰ. JA8535 ਫਲਾਈਟ JL482 ਸੀ, ਜਾਪਾਨ ਏਅਰ ਲਾਈਨ ਦਾ ਹੈ। ਇਹ ਜੰਬੋਜੈਟ ਹੈ। ਜਹਾਜ਼ ਵਿੱਚ ਸੁੰਦਰ ਸੁਅੱਛ ਅਮਲੇ ਫੈਲੇ ਨੇ ਹੋਰ ਸਵਾਰੀਆਂ ਨਾਲ ਸਾਡਾ ਸੁਆਗਤ ਸਤਿਕਾਰ ਕੀਤਾ। ਤਾਜਗੀ ਬਖਸ਼, ਤੌਲੀਏ, ਜੂਸ ਅਤੇ ਨਾਸ਼ਤਾ ਦੇ, ਬਾਰੀਆਂ ਬੰਦ ਕਰ ਆਰਾਮ ਕਰਨ ਲਈ ਬੱਤੀਆਂ ਬੁਝਾ ਦਿੱਤੀਆਂ। JL482 ਫਲਾਈਟ 4 ਵਜੇ ਚੱਲ ਕੇ 7.30 ਵਜੇ ਸਵੇਰੇ 3500 ਕਿਲੋਮੀਟਰ ਦਾ ਸਫਰ ਕਰਕੇ ਬੈਂਕੋਕ ਇੰਟਰ ਨੈਸ਼ਨਲ ਏਅਰਪੋਰਟ ਤੇ ਜਾ ਲੱਗਿਆ। (ਥਾਈਲੈਂਡ ਦਾ ਵਕਤ ਭਾਰਤ ਤੋਂ ਡੇਢ ਘੰਟਾ ਅੱਗੇ ਹੈ।

ਪ੍ਰਥਮ ਸੁਆਗਤ - ਬੀਬੀ ਮਹਿੰਦਰ ਕੌਰ ਚਾਵਲਾ ਨੇ ਸ੍ਰੀ ਸਤਿਗੁਰੂ ਜੀ ਦੇ ਝਬਦੇ ਦਰਸ਼ਨਾਂ ਦਾ ਬੈਂਕੋਕ ਵਾਸੀਆਂ ਲਈ ਅਵਸਰ ਪਰਦਾਨ ਕਰ ਦਿੱਤਾ। ਜਿਉਂ ਹੀ ਸੱਚੇ ਪਾਤਸ਼ਾਹ ਹਵਾਈ ਜਹਾਜ਼ ਤੋਂ ਉਤਰੇ V. I. P. ਰੂਮ ਵਿੱਚ ਸਾਧ ਸੰਗਤ ਦੁਆਰਾ ਉੱਨ ਮਾਲਾਵਾਂ ਨਾਲ ਤੇ ਫੁੱਲ ਹਾਰਾਂ ਨਾਲ ਸਤਿਕਾਰੇ ਗਏ।ਅਸੀਂ ਤਾਂ ਇਹ ਸੁਦ੍ਰਿਸ਼ ਨਿਹਾਰ ਨਹੀਂ ਸਕੇ, ਅਸਾਂ ਇਮੀਗ੍ਰੇਸ਼ਨ ਤੇ ਕਸਟਮ ਕਲੀਅਰੈਂਸ ਵਿਚ ਵਕਤ ਲਾਣਾ ਸੀ। ਬੈਂਕੋਕ ਦੇ ਸਾਰੇ ਖਾਨਦਾਨਾਂ ਦੇ ਨੁਮਾਇੰਦੇ ਸਤਿਗੁਰੂ ਜੀ ਦੇ ਸਤਿਕਾਰ ਲਈ ਅਪੜੇ ਹੋਏ ਸਨ। ਨਾਲ ਨਾ ਹੋਣ ਕਰਕੇ ਮੁਖੀਆਂ ਦੇ ਨਾਮ ਦੇਣੇ ਵੀ ਔਖੇ ਲੱਗਦੇ ਹਨ। ਹਾਂ, ਸੇਠ ਹਰਮਹਿੰਦਰ ਸਿੰਘ ਤੇ ਬੀਬੀ ਬਲਬੀਰ ਕੌਰ ਦੀ ਜੋੜੀ ਸਾਥੋਂ 10 ਮਿੰਟ ਹੀ ਪਹਿਲਾਂ ਭਾਰਤੋਂ ਆਈ ਸੀ, ਉਹ ਅਤੇ ਸੇਠ ਤਰਲੋਕ ਸਿੰਘ ਪਰਵਾਰ ਤਾਂ ਹਾਜ਼ਰ ਸਨ। ਸ. ਹਰਬੰਸ ਸਿੰਘ ਗਿਆਨੀ, ਸੰਤ ਨਰੈਣ ਸਿੰਘ ਨਰੂਲਾ ਅਤੇ ਸੇਠ ਜਸਪਾਲ ਸਿੰਘ ਸਾਬਕਾ ਪ੍ਰਧਾਨ ਤਾਂ ਪਹੁੰਚਦੇ ਹੀ ਹਨ, ਬਾਅਦ ਵਿੱਚ ਮੈਂ ਇਹ ਸੁਣ ਕੇ ਵੀ ਹੈਰਾਨ ਹੋਇਆ ਕਿ ਸੁਆਗਤਕਾਰੀਆਂ ਵਿੱਚ ਮੇਰਾ ਦਾਮਾਦ ਸ. ਬਲਬੀਰ ਸਿੰਘ ਢਿੱਲੋਂ, ਸਾਜਨ ਸੰਤੋਖ ਸਿੰਘ ਅਤੇ ਸ੍ਰੀ ਹਰਬੰਸ ਸਿੰਘ ਪਰਵਾਨਾ, ਜੀਵਨ ਨਗਰ ਸਾਹਿਤ ਸਭਾ ਦਾ ਗਰੁੱਪ ਵੀ ਏਥੇ ਕੁਛ ਦਿਨ ਪਹਿਲਾਂ ਦਾ ਆਇਆ, ਸਤਿਗੁਰੂ ਜੀ ਦੇ ਸੁਆਗਤਕਾਰੀਆਂ ਵਿੱਚ ਸਨ।

ਸੇਠ ਤਰਲੋਕ ਸਿੰਘ ਦੇ ਬੰਗਲੇ - ਆਪਣੇ ਸਾਮਾਨ ਨਾਲ ਏਅਰ ਪੋਰਟ ਤੋਂ ਬਾਹਰ ਆਏ ਤਾਂ ਸਿੰਘਾਂ ਦੀਆਂ ਅਤੇ ਸੇਠ ਜੀ ਦੀਆਂ ਗੱਡੀਆਂ ਸਾਨੂੰ ਲੈ ਜਾਣ ਲਈ ਹਾਜ਼ਰ ਸਨ। ਏਅਰ ਪੋਰਟ ਵੱਲ ਝਾਤ ਮਾਰੀ ਤਾਂ ਏਥੇ ਹੋਰ ਵਿਸ਼ਾਲ ਖੇਤਰ ਉਸਾਰੀ ਅਧੀਨ ਸੀ। ਸ਼ਹਿਰ ਬੈਂਕੋਕ ਤੇ Don Mueang ਏਅਰ ਪੋਰਟ ਹੁਣ ਤਾਂ ਸੜਕ ਦੁਆਲੇ ਦੀਆਂ ਬਿਲਡਿੰਗਾਂ ਨਾਲ ਜੁੜ ਚੁੱਕੇ ਲੱਗਦੇ ਸਨ। ਅਜੇ ਤਾਂ ਸਵੇਰਾ ਹੀ ਸੀ।

ਸਾਡੀਆਂ ਘੜੀਆਂ 8.30 ਵਜਾ ਰਹੀਆਂ ਸਨ ਬੈਕੋਂਕ ਵਿੱਚ ਇਸ ਸਮੇਂ 10 ਵੱਜੇ ਹੋਏ ਸਨ। ਘੂਕਦੀਆਂ ਗੱਡੀਆਂ ਮਿੰਟਾਂ ਵਿੱਚ ਬੈਂਕੋਕ ਦੀ ਸਭ ਤੋਂ ਲੰਮੀ ਸੜਕ ਸੁਖੁਮਵਿਟ ਦੀ 31 ਨੰਬਰ ਗਲੀ ਵਿਚ ਜਾ ਬੰਗਲਾ ਨੰ. 277 ਵਿੱਚ ਆਣ ਉੱਤਰੇ। ਹਲਕੇ ਫੁਲਕੇ ਡੀਜਾਈਨ ਦਾ ਬੰਗਲਾ ਜਿਸਦਾ ਘੇਰਾ ਸਵਾ ਤਿੰਨ ਕਨਾਲ ਹੈ। ਇਸ ਦਾ ਨਿਵੇਕਲਾ ਇਹ ਹੈ ਕਿ ਦੋ ਪਾਸਿਆਂ ਤੇ ਬੈਠਕਾਂ ਰਸੋਈਆਂ ਆਦਿ ਬਣ ਕੇ ਵਿਚਾਲੇ ਇੱਕ ਦੂਜੇ ਨੂੰ ਮੇਲਦਾ ਮਹਿਰਾਬਦਾਰ ਵਿਸ਼ਾਲ ਬੇ ਦਰਵਾਜਾ ਹਾਲ ਹੈ। ਉਪਰਲੀ ਛੱਤ ਤੇ ਵਸੇਬੇ ਦੇ ਸੁੰਦਰ, ਆਰਾਮ ਦੇਹ ਕਮਰੇ ਤੇ ਬਾਥ।

ਸੰਗਤ ਸ੍ਰੀ ਸਤਿਗੁਰੂ ਜੀ ਦਾ ਏਥੇ ਵੀ ਭੱਵਿਅ ਸੁਆਗਤ ਕਰ ਚੁੱਕੀ ਸੀ, ਫੁਲਹਾਰ, ਚੌਕ ਪੂਰੇ ਫੁੱਲ ਅਤੇ ਹੋਰ ਲੱਛਣ ਦੱਸਦੇ ਸਨ। ਸਾਨੂੰ ਸਭਨਾਂ ਨੂੰ ਰਿਹਾਇਸ਼ ਲਈ ਏਅਰ ਕੰਡੀਸ਼ਨਰਾਂ ਵਾਲੇ ਕਮਰੇ ਸਨ। ਉੱਪਰ ਸ੍ਰੀ ਸਤਿਗੁਰੂ ਜੀ ਲਈ ਸੁੰਦਰ ਆਰਾਮ ਕਮਰਾ ਤੇ ਨਿੱਜੀ ਸੇਵਕਾਂ ਲਈ ਲੁੜੀਂਦਾ ਸਥਾਨ।

ਸੇਠ ਤਰਲੋਕ ਸਿੰਘ ਜੀ ਨੇ ਦੱਸਿਆ ਕਿ ਗਵਰਨਰ ਬੈਂਕੋਕ ਸ਼੍ਰੀ ਚਿਮਲਾਂਗ ਕਾਰਨ 12 ਵਿਸ਼ੇਸ਼ ਪੁਲਿਸ ਵਾਲੇ ਦੋ ਦੋ ਮੋਟਰ ਸਾਈਕਲਾਂ ਵਾਲੇ ਅਤੇ ਅੱਗੇ ਪਿੱਛੇ ਦੋ ਪੁਲਿਸ ਕਾਰਾਂ ਦੀ ਸੁਰੱਖਿਆ ਅਤੇ ਸਤਿਕਾਰ ਵਿੱਚ ਸੱਚੇ ਪਾਤਸ਼ਾਹ ਜੀ ਦੀ ਕਾਰ, 10 ਕਾਰਾਂ ਦੇ ਕਾਫ਼ਲੇ ਨਾਲ ਘਰ ਪਹੁੰਚੀ। ਪੁਲਿਸ ਵਾਲੇ ਸ੍ਰੀ ਹਜ਼ੂਰ ਨੂੰ ਸਲਾਮੀ ਦੇ ਕੇ ਵਿਦਾ ਹੋਏ।

ਅੱਜ ਥਾਈਲੈਂਡ ਦੇ ਨਾਮਧਾਰੀਆਂ ਦਾ ਹਿਰਦਾ ਗਦਗਦ ਸੀ, ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉਹਨਾਂ ਦੀ ਬਹੁੜੀ ਸੁਣ ਕੇ ਦਰਸ਼ਨ ਦਿੱਤੇ ਸਨ, ਬਹਾਨਾ ਭਾਵੇਂ ਸੇਠਣੀ ਮਹਿੰਦਰ ਕੌਰ ਦਾ ਵਰ੍ਹੀਣਾ ਹੀ ਬਣਿਆ।

**ਸੰਤ ਪ੍ਰੀਤਮ ਸਿੰਘ ਪੱਦੀ ਸੁਰਗਵਾਸ –** ਅੱਜ ਹੀ ਬੈਂਕੌਕ ਇੰਟਰ ਨੈਸ਼ਨਲ ਏਅਰਪੋਰਟ ਤੋਂ ਕਾਰ ਦੁਆਰਾ ਬੈਂਕੋਕ ਸ਼ਹਿਰ ਵੱਲ ਆਉਂਦਿਆਂ ਆਪਣੇ ਪਿਆਰੇ ਸੱਜਣ ਸੰਤ ਪ੍ਰੀਤਮ ਸਿੰਘ ਜੀ ਫਗਵਾੜੇ ਵਾਲਿਆਂ ਦੀ ਮਿਰਤੂ ਦੀ ਖ਼ਬਰ ਸੁਣੀ। ਉਹ 5-6 ਸਤੰਬਰ ਦੀ ਰਾਤੀਂ 2 ਵਜੇ ਦੇ ਕਰੀਬ ਸਰੀਰ ਤਿਆਗ ਗਏ। ਸੁਣ ਕੇ ਮਨ ਨੂੰ ਤਸੱਲੀ ਵੀ ਹੋਈ ਤੇ ਇੱਕ ਘਾਟਾ ਵੀ ਜਾਪਿਆ। ਤਸੱਲੀ ਇਸ ਗੱਲ ਦੀ ਕਿ ਇਹ ਸੱਜਣ ਪਿਛਲੇ 20-25 ਸਾਲ ਤੋਂ ਮੰਜੇ ਤੇ ਬੈਠੇ ਰਹਿਣ ਲਈ ਮਜਬੂਰ ਸੀ। ਚੂਕਣੇ ਤੇ ਸੱਟ ਵੱਜਣ ਕਰਕੇ ਸਰੀਰ ਜਵਾਬ ਦੇ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਸ਼ਕ ਅਤੇ ਵਰਤਮਾਨ ਸਤਿਗੁਰੂ ਜੀ ਦੇ ਚਰਨਾਂ ਦਾ ਭੌਰਾ ਸਾਨੂੰ ਫੇਰ ਨਹੀਂ ਲੱਭਣਾ। ਮੈਨੂੰ ਉਹ ਹਰ ਮਹੀਨੇ ਇੱਕ ਜਾਂ ਦੋ ਚਿੱਠੀਆਂ ਯਾਦ ਦਹਾਨੀ ਦੀਆਂ, ਸਤਿਗੁਰੂ ਦੇ ਪਿਆਰ ਅਤੇ ਵੈਰਾਗ ਦੀਆਂ, ਸਾਡੀ ਜੋੜੀ ਲਈ ਅਸ਼ੀਰਵਾਦ ਦੀਆਂ ਲਿਖਕੇ ਪਾਉਂਦੇ ਸਨ ਅਤੇ ਪਤਾ ਨਹੀਂ ਮੇਰੀ ਆਪਣੀ ਚਿੱਠੀ ਉਨ੍ਹਾਂ ਪੜ੍ਹੀ ਏ ਕਿ ਨਹੀਂ।

ਸੰਤ ਪ੍ਰੀਤਮ ਸਿੰਘ ਪੱਦੀ ਦੀ ਲੋਹੜੇ ਦੀ ਭਰਵੀਂ ਤੇ ਮਿੱਠੀ ਅਵਾਜ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ, ਆਸਾ ਦੀ ਵਾਰ ਦੇ ਕੀਰਤਨ ਸਮੇਂ ਆਕਾਸ਼ੀਂ ਪਰਵਾਜ਼ ਕਰਦੀ ਸੀ। ਉੱਚਿਓਂ ਉਚੇਰਾ ਉਨ੍ਹਾਂ ਦਾ ਜਥਾ ਬੋਲਦਾ ਜਿਸ ਵਿੱਚ ਮੁਹਾਰਾਂ ਅਤੇ ਪਧਾਣੇ ਵਾਲੇ ਪੱਦੀ ਤੇ ਫਗਵਾੜੇ ਵਾਲੇ ਸਿੰਘ ਅੰਮ੍ਰਿਤ ਬੋਲਦੇ। ਮਿਲਾਪੜਾ ਤੇ ਪਿਆਰ ਭਰਪੂਰ ਹਿਰਦਾ ਅੰਤਮ ਸਾਲ ਵਿਛੋੜੇ ਦੇ ਸੱਲ ਵਿੱਚ ਹੀ ਬਿਤਾ ਕੇ ਤੁਰ ਗਿਆ। ਪਰ ਜਿਨ੍ਹਾਂ ਪਰਵਾਰਾਂ ਵਿੱਚ ਪ੍ਰੀਤਮ ਸਿੰਘ ਜੀ ਦੇ ਵਾਰੇ ਦੀਆਂ ਕੈਸਟਾਂ ਹੋਣਗੀਆਂ, ਉਹ ਸਚਮੁੱਚ ਹੀ ਪ੍ਰੀਤਮ ਸਿੰਘ ਜੀ ਦੇ ਰੋਜ ਕਰਨ ਦਰਸ਼ਨ ਕਰ ਲਿਆ ਕਰਨਗੇ। ਸੰਤਾਂ ਦੇ ਬਚੜਿਆਂ ਵਿੱਚੋਂ ਸਾਰੇ ਹੀ ਸਤਿਗੁਰਾਂ ਦੇ ਚਰਨਾਂ ਦੇ ਪ੍ਰੇਮੀ ਹਨ ਪਰ ਵੱਡਿਓਂ ਛੋਟਾ, ਦਿਆਲ ਸਿੰਘ ਤਾਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਸਦਾ ਹੀ ਤਤਪਰ ਰਹਿੰਦਾ ਹੈ। ਫਗਵਾੜੇ ਦਾ ਕੰਮ ਆਉਂਦਾ ਜਾਂਦਾ ਧਿਆਨ ਰੱਖ ਕੇ ਕਰ ਆਉਂਦਾ ਹੈ, ਮਨ-ਤਨ ਕਰਕੇ ਭੈਣੀ ਸਾਹਿਬ ਦੀ ਸੇਵਾ ਵਿੱਚ ਹੀ ਰਹਿੰਦਾ ਹੈ। ਸਾਡੇ ਲਈ ਸੰਤ ਪ੍ਰੀਤਮ ਸਿੰਘ ਦੀ ਯਾਦ ਏਸ ਸਪੁੱਤਰ ਦੁਆਰਾ ਲੰਮਾ ਚਿਰ ਬਣੀ ਰਹੇਗੀ। ਪਰ ਬੀਬੀ ਅਮਰ ਕੌਰ (ਪਤਨੀ) ਨੇ ਪਤਾ ਨਹੀਂ ਪ੍ਰੀਤਮ ਵਿਛੋੜੇ ਦਾ ਦੁੱਖ ਕਿੰਨਾ ਚਿਰ ਭੋਗਣਾ ਹੈ।

**ਗੁਰੂ ਕਾ ਲੰਗਰ –** ਸਾਧ ਸੰਗਤ ਵਾਸਤੇ ਲੰਗਰ ਤਿਆਰ ਹੋਇਆ। ਕੁਛ ਬੀਬੀਆਂ ਨੇ ਅੰਮ੍ਰਿਤ ਛਕ ਕੇ ਸੋਧ ਦਾ ਪ੍ਰਸ਼ਾਦ ਪਾਣੀ ਸ੍ਰੀ ਸਤਿਗੁਰੂ ਜੀ ਅਤੇ ਨਾਲ ਆਏ ਜਥੇ ਲਈ ਤਿਆਰ ਕੀਤਾ। ਭਾਵੇਂ ਇਹ ਸਾਰੇ ਕਾਰਜ ਬਰਾਬਰ ਹੋ ਰਹੇ ਸਨ ਪਰ ਸੇਠਣੀ ਮਹਿੰਦਰ ਕੌਰ ਦਾ ਦੇਹ ਕਰਕੇ ਵਿੱਚ ਨਾ ਹੋ ਸਕਣਾ ਬੜਾ ਅਖਰਦਾ ਸੀ। ਪ੍ਰਤੀਤ ਇਹੋ ਹੁੰਦਾ ਸੀ ਕਿ ਬੀਬੀ ਚਾਵਲਾ ਦੀ ਰੂਹ ਆਪਣੇ ਬੰਗਲੇ ਵਿੱਚ ਸੱਚੇ ਪਾਤਸ਼ਾਹ ਜੀ ਦਾ ਉਤਾਰਾ ਤੱਕ ਕੇ ਬਾਗ਼ ਬਾਗ਼ ਹੋਈ ਪਈ ਹੈ ਅਤੇ ਉਹ ਨਿਰਵਿਘਨਤਾ ਦੇ ਢੋਏ ਲੈ ਕੇ ਆਈ ਹੋਈ ਹੈ।

ਸੇਠ ਜੀ ਦੀ ਵੱਡੀ ਛੋਟੀ ਨੂੰਹ, ਬਖਸ਼ੀਸ਼-ਪਤਨੀ ਰਾਜ ਰੂਪ ਅਤੇ ਧਰਮ ਪਤਨੀ ਸੁਖਰਾਜਵੰਤ ਦੂਜੀਆਂ ਬੀਬੀਆਂ ਨਾਲ ਸੇਵਾ ਵਿੱਚ ਹਾਜ਼ਰ ਸਨ।

ਸ੍ਰੀ ਸਤਿਗੁਰੂ ਜੀ ਨੇ ਥੋੜ੍ਹਾ ਚਿਰ ਆਰਾਮ ਕਰਕੇ

ਇਸ਼ਨਾਨ ਆਦਿ ਕਰ ਪ੍ਰਸ਼ਾਦ ਛਕਿਆ।

ਜ਼ਿੰਮੇਵਾਰ ਸਿੰਘ ਬੰਗਲੇ ਦੇ ਗੇੜੇ ਕੱਢਦੇ ਪ੍ਰੋਗਰਾਮ ਨਿਸਚਿਤ ਕਰਵਾ ਰਹੇ ਸਨ।

**ਕੌਣ ਕਿੱਥੇ? –** ਮੈਂ ਆਪਣੇ ਚਿਰ ਮਿੱਤਰ ਗਿਆਨੀ ਹਰਬੰਸ ਸਿੰਘ ਦੇ ਸ਼ਾਹੀ ਫਲੈਟਾਂ ਵਿੱਚ ਜਾ ਕੇ ਜਲ ਪਾਨ ਕਰ ਜਦੋਂ ਵਾਪਸ ਚਾਵਲਾ ਬੰਗਲੇ ਆਇਆ ਤਾਂ ਜਥੇ ਦੇ ਸਾਰੇ ਸਰੀਰ ਲੰਮੀਆਂ ਤਾਣੀ ਪਏ ਸਨ। ਮੈਨੂੰ ਚਹੁੰ ਬਿਸਤਰਿਆਂ ਵਾਲੇ ਅੰਦਰ ਨਿਵਾਸ ਮਿਲ ਗਿਆ। ਅਜੇ ਮੈਂ ਜਾਗੋ ਮੀਟੀ ਹੀ ਸਾਂ, ਦਿਨ ਦੇ 3.25 ਵੱਜੇ ਸਨ ਕਿ ਸ੍ਰੀ ਸਤਿਗੁਰੂ ਜੀ, ਨਾਲ ਆਏ ਸਭਨਾਂ ਦੇ ਡੇਰੇ ਆਪ ਨਿਹਾਰਨ ਆਏ। ਮੈਂ ਜਾਗੋ ਮੀਟੇ ਜਿਹੇ ਵਿੱਚ ਗੁਰੂ ਕੇ ਦਰਸ਼ਨ ਕੀਤੇ ਅਤੇ ਸਿਰੋਂ ਨੰਗੇ ਹੀ ਜਾ ਨਮਸਕਾਰ ਕੀਤੀ। ਸੱਚੇ ਪਾਤਸ਼ਾਹ ਆਪਣਾ ਨਿਤਨੇਮ ਕਰ ਰਹੇ ਸਨ, ਬੋਲਣਾ ਨਹੀਂ ਸੀ। ਨਾਲ ਖਲੋਤੇ ਸੇਠ ਜੀ, ਧਰਮ ਸਿੰਘ, ਬਖਸ਼ੀਸ਼ ਸਿੰਘ ਨੂੰ ਇਸ਼ਾਰਾ ਕੀਤਾ ਕਿ ਕਵੀ ਹੁਰਾਂ ਨੂੰ ਵੱਖਰਿਆਂ ਕਮਰਾ ਦਿਓ।

'ਸਤਿ ਬਚਨ ਜੀ' ਦੇ ਸ਼ਬਦਾਂ ਉੱਤੇ ਰਾਤੀਂ ਫੁੱਲ ਚੜ੍ਹ ਗਏ, ਜਦੋਂ ਮੈਂ ਬੀਬੀ ਮਹਿੰਦਰ ਕੌਰ ਦੇ ਕਮਰੇ ਵਿੱਚ ਹੀ ਜਾ ਡੇਰੇ ਲਾਏ। ਇਹ ਉਹ ਆਪਣੇ ਨਿਵਾਸ ਲਈ ਤਿਆਰ ਕਰਵਾ ਰਹੇ ਸਨ। ਭਾਵੇਂ ਇਸ ਵਿੱਚ ਕਿੰਨਾ ਕੁਝ ਅਧੂਰਾ ਸੀ ਪਰ ਉਹਦਾ ਸੰਬੰਧ ਫਿਨਸ਼ਿੰਗ ਟੱਚ ਨਾਲ ਸੀ। ਕਮਰੇ ਵਿੱਚ ਡਬਲ ਬੈੱਡ, ਤਿੰਨ ਕੁਰਸੀਆਂ ਸ਼ਿੰਗਾਰ ਮੇਜ ਅਤੇ ਬਾਥ ਆਦਿ ਸਭ ਲੁੜੀਂਦੀ ਸਮੱਗਰੀ ਸੀ।

**ਡਾ. ਸੁਚਾਟ ਮਿਲਣੀ –** ਮਹਾਂ ਮਹਿਮ ਡਾ. ਸੁਚਾਟ ਨੂੰ, ਅਚਾਨਕ ਵਿਹੜੇ ਵਿੱਚ ਆ ਰੁਕੀ, ਲਾਲ ਕਾਰ ਵਿੱਚੋਂ ਨਿਕਲਦਿਆਂ ਵੇਖ ਮੈਂ ਹੈਰਾਨ ਹੋ ਗਿਆ। ਇਹ ਕਿਵੇਂ? ਇਹ ਤਾਂ ਜੇਲ੍ਹ ਵਿੱਚ ਸਨ! ਪਰ ਇਹ ਜੇਲ੍ਹ ਵਿੱਚ ਨਹੀਂ ਸਨ ਤਾਂ ਹੀ ਤਾਂ ਸੇਠ ਤ੍ਰਿਲੋਕ ਸਿੰਘ ਦੇ ਬੰਗਲੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਪਰਸਨ ਆਏ ਸਨ। ਆਪ ਜੀ ਨਾਲ ਪਹਿਲਾਂ ਵਾਂਗ ਹੀ ਆਪ ਜੀ ਦੇ ਫੋਟੋਗ੍ਰਾਫਰ, ਵਾਕਿਆ ਨਵੀਸ ਅਤੇ ਡਰਾਈਵਰ ਆਦਿ ਸਨ। ਡਾ. ਸੁਚਾਟ ਪਹਿਲੇ ਵਾਂਗ ਹੀ ਗੋਰੇ ਨਛੋਹ, ਬੁਘ ਬੁਘ ਕਰਦਾ ਚਿਹਰਾ, ਇਕਦਮ ਸਫੈਦ ਲਿਬਾਸ ਪੈਂਟ ਤੇ ਬੁਸ਼ਰਟ, ਉਹੋ ਚਿਹਰੇ 'ਤੇ ਮੁਸਕਾਨ। ਸੇਠ ਬਖਸ਼ੀਸ਼ ਸਿੰਘ ਚਾਵਲਾ ਜਲਦੀ ਹੀ ਆ ਗਿਆ ਤੇ ਸ੍ਰੀ ਸਤਿਗੁਰੂ ਜੀ ਦੀ ਇੰਤਜ਼ਾਰ ਹੋਣ ਲੱਗੀ। ਡਾ. ਸੁਚਾਟ ਤੇ ਬਖਸ਼ੀਸ਼ ਸਿੰਘ 'ਥਾਈ' ਵਿੱਚ ਗੱਲਬਾਤ ਕਰਦੇ ਰਹੇ।

**ਗੁਰੂ ਕੇ ਦਰਸ਼ਨ** – ਲਗਭਗ 4 ਸਾਲ ਤੋਂ ਜੇਲ੍ਹ ਬੰਦ ਡਾ. ਸੁਚਾਟ ਦੀ ਬੰਗਲੇ ਆਮਦ ਦਾ ਪਤਾ ਜਿਉਂ ਹੀ ਸਤਿਗੁਰੂ ਜੀ ਨੂੰ ਲੱਗਾ, ਇਸ਼ਨਾਨ ਕੀਤੀ, ਉਹ ਨਾਮ ਸਿਮਰਨ ਦਾ ਨਿਤਨੇਮ ਕਰ ਰਹੇ ਸਨ, ਕਿ ਆਪ ਜੀ ਦਰਸ਼ਨ ਦੇਣ ਹਿਤ ਗਰਾਊਂਡ ਫਲੋਰ 'ਤੇ ਹੀ ਆ ਗਏ। ਡਾ. ਸੁਚਾਟ ਜੀ ਦਾ ਇੱਕ ਹੋਰ ਆਦਮੀ ਹਾਜ਼ਰ ਹੋ ਗਿਆ, ਸੁਨਹਿਰੀ ਬਰਤਨ ਲੈ ਕੇ ਜਿਸ ਵਿੱਚ ਸੁਹਣੇ ਸਫੈਦ ਫੁੱਲ ਗੁੰਦ ਕੇ ਧਰੇ ਹੋਏ ਸਨ, ਉਸ ਤੋਂ ਫੁੱਲਹਾਰ ਫੜ ਕੇ ਸੱਚੇ ਪਾਤਸ਼ਾਹ ਜੀ ਦੇ ਪੇਸ਼ ਕੀਤਾ। ਹਜ਼ੂਰ ਨੇ ਪਕੜ ਲਿਆ। ਫਿਰ ਦੋ ਛੋਟੇ ਛੋਟੇ ਸਫੈਦ, ਸ਼ਗਨਾਂ ਦੇ ਹਾਰ, ਸਤਿਗੁਰੂ ਜੀ ਨੇ ਉਹ ਦੋਵੇਂ ਵੀ ਸੰਭਾਲ ਲਏ।

ਮਹਾ ਮਹਿਮ ਡਾ. ਸੁਚਾਟ ਦੀ ਬੋਲੀ ਥਾਈ ਸੀ, ਪਰ ਉਹਦਾ ਹੱਥ ਜੋੜ ਕੇ ਸਿਰ ਨਿਵਾਣਾ, ਏਧਰ ਸਤਿਗੁਰੂ ਜੀ ਦੀ ਬੋਲੀ ਪੰਜਾਬੀ ਅਤੇ ਭਾਰਤੀ ਢੰਗ ਨਾਲ ਹੱਥ ਜੋੜ ਕੇ ਪ੍ਰਾਪਤ ਕੀਤਾ ਅਭਿਵਾਦਨ ਹਿਰਦੇ ਦੀ ਭਾਸ਼ਾ ਦੀ ਗੱਲ ਕਰ ਜਾਂਦਾ ਸੀ। ਸਤਿਗੁਰੂ ਜੀ ਸਫੈਦ ਖਾਦੀ ਵਸਤਰਾਂ ਵਿੱਚ ਸੁਸੱਜਿਤ ਧਰਮਸਾਲਾ ਜਾਣ ਨੂੰ ਤਿਆਰ ਸਨ ਪਰ ਏਥੇ ਆਏ ਪ੍ਰੇਮੀ ਨੂੰ ਵੇਖ ਪੰਜ ਮਿੰਟ ਨਵਿੱਝੇ ਹੋ ਕੇ ਸਮਾਂ ਦੇ ਦਿੱਤਾ। ਸਤਿਗੁਰਾਂ ਤਾਂ ਬੋਲਣਾ ਹੀ ਨਹੀਂ ਸੀ, ਡਾ. ਸੁਚਾਟ ਦਾ ਗੱਲਾਂ ਨਾਲ ਢਿੱਡ ਭਰਿਆ ਹੋਇਆ ਸੀ। ਉਹ ਬੋਲਦੇ ਰਹੇ ਥਾਈ ਵਿੱਚ, ਅਨੁਵਾਦ ਕਰਦਾ ਰਿਹਾ ਬਖਸ਼ੀਸ਼ ਸਿੰਘ ਚਾਵਲਾ। ਡਾ. ਸੁਚਾਟ ਦਾ ਕਹਿਣਾ ਸੀ : **ਚਿਰ ਹੋ ਗਿਆ ਏ ਦਰਸ਼ਨ ਕੀਤਿਆਂ। ਬੜੀ ਅਭਿਲਾਸ਼ਾ ਸੀ ਆਪ ਜੀ ਦੇ ਦੀਦਾਰੇ ਕਰਨ ਦੀ। ਆਪ ਜੀ ਦੀ ਕਿਰਪਾ ਨਾਲ ਪਿਛੇ ਧਰਮ ਹੋਣ ਕਰਕੇ ਅਧਰਮੀਆਂ ਦੀਆਂ ਜੇਲਾਂ ਤੋਂ ਮੁਕਤੀ ਪਾ ਲਈ ਹੈ। ਉਹ ਕੇਹੜੀ ਭੈੜੀ ਗੱਲ ਹੈ ਅਤੇ ਪਾਪ ਹੈ ਜੁ ਮੇਰੇ ਸਾਹਵੇਂ, ਮੈਨੂੰ ਗਿਰਾਉਣ ਖਾਤਰ ਨਹੀਂ ਕੀਤਾ ਗਿਆ, ਤਦੋਂ ਮੈਨੂੰ ਸ੍ਰੀ ਭੈਣੀ ਸਾਹਿਬ ਤੋਂ ਬਲ ਆਉਂਦਾ ਸੀ। ਆਪ ਜੀ ਨਾਲ ਬਿਤਾਏ ਪਲ ਹੀ ਮੇਰੀ ਮਦਦ ਲਈ ਆ ਖਲੋਂਦੇ ਰਹੇ। ਮੇਰੇ ਸਾਹਮਣੇ ਜਾਨਵਰ ਵੱਢੇ ਗਏ, ਆਂਤੜੀਆਂ, ਹੱਡੀਆਂ, ਮਾਸ ਕੀ ਕੀ ਨਹੀਂ ਉਨ੍ਹਾਂ ਦਾ ਨੋਚਿਆ ਗਿਆ ਪਰ ਮੈਂ ਉਦੋਂ ਪ੍ਰਾਰਥਨਾ ਰੂਪ ਬਣ ਜਾਂਦਾ ਜਾਂ ਤਮਾਮ ਦੁਨੀਆਂ ਦੇ ਬੇਜ਼ੁਬਾਨਾਂ ਲਈ, ਸਮੁੱਚੀ ਮਾਨਵਤਾ ਲਈ। ਨਰਕ ਭੋਗ ਆਇਆ ਹਾਂ ਪਰ ਆਪ ਦੀ ਕਿਰਪਾ ਨਾਲ ਡਿੱਗਿਆ ਡੋਲਿਆ ਨਹੀਂ, ਖਰਾ ਉਤਰਿਆ ਹਾਂ।**

ਪ੍ਰੇਮ ਚਲੂਲਿਆ ਹਿਰਦਾ ਸ੍ਰੀ ਸਤਿਗੁਰੂ ਜੀ ਦੇ ਖਲੇ ਖਲੋਤੇ ਹੀ ਦਰਸ਼ਨ ਕਰਕੇ ਉਸੇ ਗੱਡੀ ਤੇ ਵਾਪਸ ਹੋ ਗਿਆ।

**ਚਲਦਾ......**

# A Saga Of
# Sri Satguru Jagjit Singh Ji

**Dr. Sharada Jayagovind**

Patsha ji continued:

"I don't keep accounts with the cow because the cow gives me milk without keeping accounts."

According to Patsha ji, protecting cows is not a matter of loss or profit, it is a moral obligation.

He protected the pure Indian breeds of cows from hybridisation. He used to buy *Nagauri* bullocks from Nagaur fair in Rajasthan to maintain the tradition of cultivation with bullocks. He preserved *Sahiwal* and *Haryana* breed of cows in his *goshalas*. These are considered as one of the best milk yielders.

Patsha ji believed in *go seva*, not *go puja*. He believed in serving the cow, not merely worshipping it. The love he showered on the cows is remarkable. Whenever Patsha ji visited the *goshala* he would call the cows by their names. The cows would respond to the call of this *Gopala* and the respective calves too would run towards him. He would feed the cows and the calves with *jaggery.* No wonder Satguru Jagjit Singh ji was bestowed with the "Gopal Ratna" award. Who could have deserved the title of *Gopala* more than Patsha ji?

Satguru Jagjit Singh ji's firm faith in non-violence was based on the view that we have no right to kill a living being created by God. He would not kill even an insect. Patsha ji would carry a handkerchief with him to drive away insects.

Once it was in cold winter night and the temperature was very low. An insect had entered Patsha ji's room and was disturbing him during prayers.

Patsha ji told the aide:

"It is very cold outside. Catch it and leave it in the next room, do not throw it out."

His was a soul which could empathise with the tiny insect and feel its pain.

During the annual *jap paryog*, which was performed during monsoons, many moths would get attracted to the lights and lose their lives. To prevent this. Patsha ji shifted the annual meditation to a time when there would be less insects around. For Satguru Jagjit Singh ji, to live in harmony with all living beings was the aim of life.

Patsha ji participated in several conferences on vegetarianism. Addressing the audience of the 34" World Vegetarian Conference held at Toronto, Canada, in July 2000, he said:

"Peace and vegetarianism are interlinked. If there is violence against living beings there cannot be peace in the world. We should think not only for the welfare of human beings but also for the well being of animals."

Satguru ji respected the right to life of all living beings. There were a few ponds near Namdhari farms at Uragahalli, near Bidadi on the outskirts of Bangalore. In spite of repeated requests to refrain from fishing, the villagers used to fish in the ponds. Patsha ji bought the fishing rights for those ponds and prevented the villagers from fishing.

At *Nilo Nehar Dera*, located near Sirhind Canal, which is eight kilometres from Sri Bhaini Sahib, a big snake used to live inside the pot, where the *dal* meant for the *langar,* was stored. The cook, who had to take the *dal*, would tell the cobra:

"*Shriman Cobra,* let us have our *dal*."

The Namdhari cook would not harm it and the cobra would go away. It was a case of peaceful co-existence.

**Satguru ji on Charity**

Being charitable, serving the community, especially the poor and needy, are some of the highest moral values that Satguru ji teaches us. Satguru Jagjit Singh ji would say:

"We reap what we sow. If we sow the seeds of slander, gossip and hatred, we will reap the same. Let's try to sow the seeds of goodness and charity and walk on the path of our beloved Satguruji."

He advised the *sangat* to contribute the *daswand:*

"Everyone can donate according to his or her capacity."

**to be continued**

# ਤੇਰੀ ਉਪਮਾ ਤੋਹਿ ਬਨਿ ਆਵੈ

## (ਸ੍ਰੀ ਸਤਿਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਵਸ ਤੇ ਵਿਸ਼ੇਸ਼)

**-ਪ੍ਰੋ. ਅਵਤਾਰ ਸਿੰਘ**

ਕਿਸੇ ਵਿੱਚ ਕੋਈ ਗੁਣ ਦੇਖਦਿਆਂ ਹੀ ਅਸੀਂ ਉਹਦੀ ਤੁਲਨਾ ਕਰਨ ਬਾਰੇ ਸੋਚਦੇ ਹਾਂ ਕਿ ਇਹ ਫਲਾਣੇ ਵਰਗਾ ਹੈ। ਤੁਲਨਾ ਕਰਨ ਤੋਂ ਖ਼ੁਦ ਨੂੰ ਕੋਈ ਰੋਕ ਨਹੀਂ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਤੇ ਭੱਟ ਸਾਹਿਬਾਨ ਨੇ ਗੁਰੂ ਨਾਨਕ ਪਾਤਸ਼ਾਹ ਦੀ ਬੇਹਿਸਾਬ ਤੁਲਨਾ ਕੀਤੀ; ਇਥੋਂ ਤਕ ਆਖਿਆ ਗਿਆ ਕਿ 'ਹੇ ਨਾਨਕ, ਸਤਿਜੁਗ ਵਿਚ ਰਾਜੇ ਬਲ ਨੂੰ ਛਲਣ ਵਾਲਾ ਬਾਵਨ ਵੀ ਅਤੇ ਰਾਮ, ਕ੍ਰਿਸ਼ਨ ਵੀ ਤੁਹੀਂ ਸੈਂ।

ਤੁਲਨਾ ਕਵਿਤਾ ਤੇ ਕਵੀ ਦਾ ਬਹੁਤ ਵੱਡਾ ਗੁਣ ਹੈ। ਤੁਲਨਾ ਬਗੈਰ ਕਿਸੇ ਕਵੀ ਦਾ ਨਹੀਂ ਸਰਦਾ। ਤੁਲਨਾ ਕੀਤੇ ਬਗੈਰ ਕਵੀ ਬਚਦਾ ਹੀ ਨਹੀਂ। ਇਹ ਵੀ ਕਹਿ ਸਕਦੇ ਹਾਂ ਕਿ ਤੁਲਨਾ ਬਗੈਰ ਕਵੀ, ਕਵੀ ਹੀ ਨਹੀਂ ਹੁੰਦਾ। ਕਿਉਂਕਿ ਤੁਲਨਾ ਬਗੈਰ ਕਵਿਤਾ ਦਾ ਅੱਗੇ ਤੁਰਨਾ ਤਾਂ ਕਿਤੇ ਰਿਹਾ, ਕਵਿਤਾ ਦਾ ਅਰੰਭ ਹੀ ਨਹੀਂ ਹੁੰਦਾ।

ਬੜੀ ਹੈਰਾਨੀ ਦੀ ਗੱਲ ਹੈ ਕਿ ਕਵਿਤਾ ਦੇ ਮਹਾਂ ਮਰਮਗਯ ਭੱਟ ਸਾਹਿਬ, ਤੀਜੇ ਪਾਤਸ਼ਾਹ ਗੁਰੂਦੇਵ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ "ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨ ਆਵੈ"। ਅਜਿਹੀ ਤਾਰੀਫ ਕਿਸੇ ਹੋਰ ਗੁਰੂ ਸਾਹਿਬਾਨ ਦੀ ਨਹੀਂ ਹੋਈ। ਇਸ ਕਰਕੇ ਇਹ ਦੇਖਣ ਵਾਲ਼ੀ ਗੱਲ ਹੈ ਕਿ ਤੀਜੇ ਪਾਤਸ਼ਾਹ ਵਿੱਚ ਅਜਿਹੀ ਕਿਹੜੀ ਤਾਰੀਫ ਸੀ, ਜਿਸਦੀ ਤੁਲਨਾ ਹੋਰ ਕਿਸੇ ਨਾਲ ਨਹੀਂ ਸੀ ਕੀਤੀ ਜਾ ਸਕਦੀ।

ਗੁਰੂ ਅਮਰਦਾਸ ਜੀ ਦੇ ਭਾਈ ਦੇ ਬੇਟੇ ਨੂੰ ਗੁਰੂ ਅੰਗਦ ਦੇਵ ਜੀ ਦੀ ਬੇਟੀ ਬੀਬੀ ਅਮਰੋ ਵਿਆਹੀ ਹੋਈ ਸੀ, ਜੋ ਦੁੱਧ ਰਿੜਕਦੀ ਹੋਈ ਆਸਾ ਦੀ ਵਾਰ ਦਾ ਪਾਠ ਕਰ ਰਹੀ ਸੀ। ਪੰਗਤੀ ਆਈ: 'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥ ' ਪਾਤਸ਼ਾਹ ਨੇ ਇਹ ਪੰਗਤੀ ਸੁਣੀ। ਪੁੱਛਿਆ ਤਾਂ ਪਾਤਸ਼ਾਹ ਨੂੰ ਮਿਲਣ ਲਈ ਮਨ ਬਿਹਬਲ ਹੋ ਗਿਆ।

ਗੁਰੂ ਅਮਰਦਾਸ ਜੀ, ਜਿਨ੍ਹਾਂ ਨੂੰ ਲੋਕ ਹਾਲੇ ਅਮਰੂ ਹੀ ਕਹਿੰਦੇ ਸਨ, ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਤੜਕੇ ਉੱਠਦੇ, ਗਾਗਰ ਚੁੱਕਦੇ ਤੇ ਦੋ ਢਾਈ ਕੋਹ ਦਾ ਪੈਂਡਾ ਤੈਅ ਕਰਕੇ ਬਿਆਸ ਦਰਿਆ 'ਚੋਂ ਜਲ ਲਿਆਉਂਦੇ ਤੇ ਪਾਤਸ਼ਾਹ ਦਾ ਇਸ਼ਨਾਨ ਕਰਾਉਂਦੇ। ਉਨ੍ਹਾਂ ਪਾਤਸ਼ਾਹ ਵੱਲ੍ਹ ਕਦੀ ਪਿੱਠ ਨਾ ਕੀਤੀ। ਲੋਕ ਤਰਾਂ ਤਰਾਂ ਦੀਆਂ ਗੱਲਾਂ ਬਣਾਉਂਦੇ, ਪਰ ਉਹ ਚੁੱਪ ਰਹਿੰਦੇ।

ਸਾਲ ਬੀਤਦੇ ਗਏ। ਹਰ ਸਾਲ ਪਾਤਸ਼ਾਹ ਆਪ ਜੀ ਨੂੰ ਸਿਰੋਪਾ ਬਖ਼ਸ਼ ਦਿੰਦੇ, ਜਿਹਨੂੰ ਆਪ ਪਹਿਲਾਂ ਵਾਲ਼ੇ ਸਿਰੋਪੇ ਦੇ ਉੱਪਰ ਹੀ ਲਪੇਟ ਲੈਂਦੇ। ਪਾਤਸ਼ਾਹ ਦੀ ਬਖਸ਼ਿਸ਼ ਨੂੰ ਰੱਖਣ ਲਈ, ਸਿਰ ਦੇ ਬਗੈਰ, ਕੋਈ ਹੋਰ ਢੁਕਵੀਂ ਥਾਂ ਪ੍ਰਤੀਤ ਨਾ ਹੁੰਦੀ। ਗੁਰੂ ਪਾਤਸ਼ਾਹ ਦੇ ਇਸ਼ਨਾਨ ਲਈ ਜਲ ਦੀ ਸੇਵਾ ਕਰਦਿਆਂ ਬਾਰਵਾਂ ਸਾਲ ਜਾ ਰਿਹਾ ਸੀ। ਲੋਕ ਸਮਝਦੇ ਸਨ ਕਿ ਕੁੜਮਾਂ ਦੇ ਦਰ 'ਤੇ ਰੁਲ਼ਣ ਵਾਲ਼ਾ ਅਮਰੂ ਨਿਥਾਵਾਂ ਹੈ।

ਇਕ ਦਿਨ ਮੌਸਮ ਖ਼ਰਾਬ ਸੀ। ਅਮਰਦਾਸ ਜੀ ਨੇ ਗਾਗਰ ਚੁੱਕੀ ਹੋਈ ਸੀ ਕਿ ਰਾਹ ਵਿਚ ਕਿਸੇ ਕਿੱਲੇ ਨਾਲ਼ ਠੋਕਰ ਖਾ ਕੇ ਭੁੰਝੇ ਡਿਗ ਪਏ। ਪਰ ਆਪ ਜੀ ਨੇ ਪਾਣੀ ਦੀ ਗਾਗਰ ਸੰਭਾਲ਼ੀ ਰੱਖੀ। ਡਿੱਗਣ ਦਾ ਖੜਾਕ ਸੁਣ ਕੇ ਜੁਲਾਹੇ ਨੇ ਪੁੱਛਿਆ ਕੌਣ ਹੈ ਤਾਂ ਉਹਦੀ ਘਰ ਵਾਲ਼ੀ ਕਹਿਣ ਲੱਗੀ 'ਇਸ ਵੇਲੇ ਹੋਰ ਕੌਣ ਹੋ ਸਕਦਾ ਹੈ, ਉਹੀ ਅਮਰੂ ਨਿਥਾਵਾਂ ਹੋਣਾ ਹੈ। ਅਮਰੂ ਜੀ ਨੇ ਸੁਣਿਆਂ ਤੇ ਆਖਿਆ 'ਕਮਲ਼ੀਏ, ਨਿਥਾਵਾਂ ਤਾਂ ਉਦੋਂ ਸਾਂ ਜਦੋਂ ਗੁਰੂ ਵਾਲਾ ਨਹੀਂ ਸਾਂ, ਹੁਣ ਤਾਂ ਮੈਂ ਗੁਰੂ ਵਾਲਾ ਹਾਂ।

ਕਹਿੰਦੇ ਹਨ ਕਿ ਅਮਰਦਾਸ ਜੀ ਘਰ ਪੁੱਜੇ ਤੇ ਗੁਰੂ ਸਾਹਿਬ ਦਾ ਇਸ਼ਨਾਨ ਕਰਾਇਆ। ਜਾਣੀ ਜਾਣ ਪਾਤਸ਼ਾਹ ਕਿਸੇ ਨਾ ਕਿਸੇ ਤਰਾਂ ਰਸਤੇ ਦੀ ਘਟਨਾ ਜਾਣ ਗਏ। ਉਸ ਦਿਨ ਪਾਤਸ਼ਾਹ ਨੇ ਨਵੇਂ ਵਸਤਰ ਮੰਗਵਾਏ ਤੇ ਅਮਰਦਾਸ ਜੀ ਨੂੰ ਪਹਿਨਾਏ ਗਏ। ਖੂਬ ਸਜੇ ਅਤੇ ਫੱਬੇ ਅਮਰਦਾਸ ਜੀ ਨੂੰ ਪਾਤਸ਼ਾਹ ਨੇ ਕਲ਼ਾਵੇ ਵਿੱਚ ਲੈ ਲਿਆ ਤੇ ਅਮਰਦਾਸ ਜੀ 'ਤੇ ਸੋਲਾਂ ਵਰ ਨਿਛਾਵਰ ਕਰ ਦਿੱਤੇ। ਪਾਤਸ਼ਾਹ ਨੇ ਆਖਿਆ ਕਿ ਅਮਰਦਾਸ ਜੀ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ

ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰਾ, ਨਿਪੱਤਿਆਂ ਦੀ ਪੱਤ, ਨਿਲੱਜਿਆਂ ਦੀ ਲੱਜ, ਨਿਗੱਤਿਆਂ ਦੀ ਗੱਤ ਹਨ...।

ਜਿਵੇਂ ਅਵਤਾਰਾਂ ਵਿੱਚੋਂ ਸ੍ਰੀ ਕ੍ਰਿਸ਼ਨ ਜੀ ਨੂੰ ਸੋਲ਼ਾਂ ਕਲਾਂ ਸੰਪੂਰਨ ਅਵਤਾਰ ਕਿਹਾ ਜਾਂਦਾ ਹੈ, ਇਵੇਂ ਗੁਰੂ ਪਾਤਸ਼ਾਹਾਂ ਵਿੱਚੋਂ ਤੀਜੇ ਪਾਤਸ਼ਾਹ ਅਜਿਹੇ ਗੁਰੂਦੇਵ ਹਨ, ਜਿਨ੍ਹਾਂ ਦੇ ਸੀਸ 'ਤੇ ਮਜ਼ਲੂਮ ਮਨੁੱਖਤਾ ਦੀ ਜ਼ਿੰਮੇਵਾਰੀ ਦੀਆਂ ਸੋਲ਼ਾਂ ਪੰਡਾਂ ਚੁਕਵਾ ਦਿੱਤੀਆਂ ਗਈਆਂ। ਅਮਰੂ ਜੀ ਅਸ਼ੀਰਵਾਦ ਦੀਆਂ ਇਨ੍ਹਾਂ ਸੋਲ਼ਾਂ ਜ਼ਿੰਮੇਵਾਰੀਆਂ ਨਾਲ਼ ਸੁਸ਼ੋਭਿਤ ਅਤੇ ਗਉਰੇ ਹੋ ਕੇ ਧੰਨ ਗੁਰੂ ਅਮਰਦਾਸ ਜੀ ਹੋ ਗਏ।

ਭਾਈ ਨੰਦ ਲਾਲ ਜੀ ਕਹਿੰਦੇ ਹਨ "ਉਹਦੇ ਪਵਿੱਤਰ ਨਾਂ ਦਾ 'ਅਲਿਫ' ਹਰ ਭਟਕ ਰਹੇ ਇਨਸਾਨ ਲਈ ਸੁਖ ਅਰਾਮ ਬਖ਼ਸ਼ਣ ਵਾਲ਼ਾ ਹੈ ਅਤੇ ਮੁਬਾਰਕ 'ਮੀਮ' ਹਰ ਆਤਰ ਅਤੇ ਲਾਚਾਰ ਦੇ ਕੰਨਾਂ ਨੂੰ ਕਾਵਿ-ਰਸ ਬਖਸ਼ਦਾ ਹੈ। ਉਹਦੇ ਨਾਂ ਦੀ ਸੁਭਾਗੀ 'ਰੇ' ਅਮਰ ਮੁਖੜੇ ਦੀ ਸੋਭਾ ਅਤੇ ਰੌਣਕ ਹੈ ਅਤੇ ਨੇਕ ਬਖ਼ਤੀ ਨਾਲ਼ ਭਰਪੂਰ 'ਦਾਲ' ਹਰ ਨਿਰਾਸੇ ਦੀ ਸਹਾਈ ਹੁੰਦੀ ਹੈ। ਉਹਦੇ ਨਾਂ ਦਾ ਦੂਜਾ 'ਅਲਿਫ' ਹਰ ਪਾਪੀ ਅਤੇ ਦੋਸ਼ੀ ਨੂੰ ਸ਼ਰਨ ਅਤੇ ਪਨਾਹ ਦੇਣ ਵਾਲ਼ਾ ਹੈ ਅਤੇ ਅੰਤਲਾ 'ਸੀਨ' ਉਸ ਕਰਤਾਰ ਦਾ ਪਰਛਾਵਾਂ ਹੈ।"

ਦਸਵੇਂ ਪਾਤਸ਼ਾਹ ਤੱਕ ਇਸ ਗਉਰੇ ਕਿਰਦਾਰ ਅਤੇ ਇਕਰਾਰ 'ਤੇ ਪਹਿਰਾ ਦਿੱਤਾ ਗਿਆ। ਪਾਤਸ਼ਾਹ ਨੇ ਆਖਿਆ "ਜਿਨ ਕੀ ਜਾਤ ਵਰਣ ਕੁਲ ਮਾਹੀਂ। ਸਰਦਾਰੀ ਨਹਿਂ ਭਈ ਕਦਾਹੀਂ। ਇਨਹੀਂ ਕੋ ਸਰਦਾਰ ਬਨਾਵਊਂ। ਤਬੈ ਗੋਬਿੰਦ ਸਿੰਘ ਨਾਮ ਕਹਾਊਂ" ਅਤੇ ਆਪਣੇ ਚਾਰੇ ਲਖ਼ਤੇ ਜਿਗਰ ਕੁਰਬਾਨ ਕਰਨ ਉਪਰੰਤ ਆਖਿਆ "ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ"।

ਸਿੱਖ ਇਤਿਹਾਸ ਦੇ ਲੋਹਪੁਰਸ਼ ਜਾਣੇ ਜਾਂਦੇ ਬੰਦੇ ਬਹਾਦੁਰ ਨੇ ਦਸਮੇਸ਼ ਪਿਤਾ ਦੀ ਬਖ਼ਸ਼ੀ ਸ਼ਮਸ਼ੀਰ ਚੁੱਕੀ ਤੇ ਪੰਜਾਬ ਨੂੰ ਰਵਾਨਾ ਹੋਇਆ। ਲੁੱਟ ਪੁੱਟ ਤੇ ਮੱਲਾਂ ਮਾਰਨ ਦੀ ਮਨਸ਼ਾ ਨਾਲ਼ ਹਜ਼ਾਰਾਂ ਦੀ ਤਦਾਦ ਵਿੱਚ ਮੁਲਖੱਈਆ ਬੰਦੇ ਦੀ ਫੌਜ ਵਿੱਚ ਆਣ ਵੜਿਆ। ਲੇਕਿਨ ਚੱਪੜਚਿੜੀ ਦੇ ਮੈਦਾਨ ਵਿੱਚ ਤੋਪਾਂ ਦੀ ਗੜਗੜਾਹਟ ਅਤੇ ਕਹਿਰ ਦੀ ਟੱਕਰ ਦੇਖ ਕੇ ਰਫੂਚੱਕਰ ਹੋ ਗਿਆ।

ਬੰਦੇ ਦੀ ਫੌਜ ਵਿੱਚ ਉਹੀ ਸਿਦਕੀ ਸੂਰਬੀਰ ਯੋਧੇ ਅੱਗੇ ਹੋ ਕੇ ਲੜੇ, ਜਿਨ੍ਹਾਂ ਕੋਲ਼ ਗੁਰੂ ਨੂੰ ਸਮਰਪਣ ਕਰਨ ਲਈ ਸੀਸ ਦੇ ਇਲਾਵਾ ਹੋਰ ਕੁਝ ਵੀ ਨਹੀਂ ਸੀ। ਅਜਿਹੇ ਗ਼ੈਰਤਮੰਦ ਲੋਕਾਂ 'ਤੇ ਸ਼ਹੀਦੀਆਂ ਦੇ ਅਸਹਿ ਤੇ ਅਕਹਿ ਦੌਰ ਚੱਲੇ, ਜਿਨ੍ਹਾਂ ਨੇ ਭਾਂਤ ਭਾਂਤ ਦੇ ਤਸੀਹੇ, ਤਸ਼ੱਦਦ ਤੇ ਜ਼ੁਲਮੋ ਸਿਤਮ ਝੱਲੇ।

ਚੱਪੜਚਿੜੀ ਦੇ ਮੈਦਾਨ ਦੀ ਜਿੱਤ ਉਪਰੰਤ ਖਾਲਸਾ ਸਰਹੰਦ ਵਿੱਚ ਦਾਖਲ ਹੋਇਆ ਤਾਂ ਸ਼ਹਿਰ ਦੀ ਲੁੱਟ ਮਾਰ ਲਈ ਮੁਲਖੱਈਆ ਫਿਰ ਖਾਲਸੇ ਵਿੱਚ ਆਣ ਵੜਿਆ। ਸ਼ਹਿਰ ਲਿਤਾੜ ਦਿੱਤਾ ਗਿਆ। ਹਵੇਲੀਆਂ ਦੀ ਲੁੱਟ ਮਾਰ ਮਚੀ। ਹੀਰੇ ਜਵਾਹਰਾਤ, ਕੀਮਤੀ ਸਾਜੋ ਸਮਾਨ ਤੇ ਧੰਨ ਦੌਲਤ ਦੇ ਅੰਬਾਰ ਲੁੱਟ ਲਏ ਗਏ। ਕਹਿੰਦੇ ਹਨ ਗਰਭਵਤੀ ਮੁਸਲਿਮ ਔਰਤਾਂ ਦੇ ਪੇਟ ਚਾਕ ਕਰਕੇ ਭਰੂਣ ਤੱਕ ਕਤਲ ਕਰ ਦਿੱਤੇ ਗਏ।।

ਇਸੇ ਲੁੱਟ ਸਦਕਾ ਸਿੱਖਾਂ ਵਿੱਚ ਸਰਦਾਰੀ ਦੇ ਪਰਦੇ ਹੇਠ ਮੱਲ-ਮਾਰ, ਲੱਠ-ਮਾਰ ਅਤੇ ਧੁੱਸ-ਮਾਰ, ਜਗੀਰਦਾਰੀ, ਜ਼ਮੀਦਾਰੀ ਤੇ ਰਾਠਾਗਿਰੀ ਖਾਲਸਈ ਬਾਣੇ ਵਿੱਚ ਪ੍ਰਵੇਸ਼ ਕਰ ਗਈ। ਇਸ ਖ਼ਾਲਸਈ ਰਾਠਾਗਿਰੀ ਨੇ ਸਭ ਤੋਂ ਪਹਿਲਾਂ ਦੂਜੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਦੀ ਬਖਸ਼ਿਸ਼ ਅਤੇ ਗਉਰੀ ਜ਼ਿੰਮੇਵਾਰੀ ਦੀਆਂ ਉਹ ਸੋਲ਼ਾਂ ਪੰਡਾਂ ਸਿਰ ਤੋਂ ਪਰੇ ਵਗਾਹ ਮਾਰੀਆਂ। ਮੁਲਖਈਆ ਸੋਚ ਨੇ ਖਾਲਸੇ ਦੇ ਖਾਲੀ ਸਿਰਾਂ 'ਤੇ ਪਾਪ ਦੀਆਂ ਪੰਡਾਂ ਦਾ ਬੋਝ ਲੱਦ ਦਿੱਤਾ।

ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਨਿਗੱਤਿਆਂ ਦੀ ਗੱਤ, ਨਿਲੱਜਿਆਂ ਦੀ ਲੱਜ, ਨਿਪੱਤਿਆਂ ਦੀ ਪੱਤ ਰੱਖਣ ਵਾਲ਼ਾ ਖਾਲਸਾ, ਸਬਰ ਸੰਤੋਖ ਵਿੱਚ ਰਹਿ ਕੇ ਕਿਰਤ ਕਰਨ ਵਾਲ਼ੇ ਗ਼ਰੀਬ ਸਿੱਖਾਂ 'ਤੇ ਹੀ ਦਾਹੜੀਆਂ ਖਿੰਝਣ ਜੋਗਾ ਰਹਿ ਗਿਆ। ਖਾਲਸਾ ਖਾਲਸ ਨਾ ਰਿਹਾ ਤੇ ਕਾਣ ਮੇਟਣ ਵਾਲ਼ਾ ਖਾਲਸਾ ਕਾਣਾ ਹੋ ਗਿਆ।

ਜਦ ਦੇਸ਼ ਅਜ਼ਾਦ ਹੋਇਆ ਤਾਂ ਖਾਲਸੇ ਨੇ ਫਿਰ ਬੇਗੁਨਾਹ ਮੁਸਲਮਾਨਾਂ ਦੇ ਕਤਲ ਕੀਤੇ, ਘਰ ਲੁੱਟੇ ਤੇ ਬਹੂ ਬੇਟੀਆਂ ਦੀਆਂ ਇਜ਼ਤਾਂ ਲੁੱਟੀਆਂ। ਠੰਢ ਠੇਰ ਹੋਣ 'ਤੇ ਜ਼ਮੀਨਾਂ ਦੇ ਲੇਖੇ ਜੋਖੇ ਹੋਏ ਪਰ ਲੁੱਟ-ਮਾਰ, ਇਜ਼ਤਾਂ ਦੇ ਖਿਲਵਾੜ ਤੇ ਕਤਲਾਂ ਦਾ ਲੇਖਾ ਹਾਲੇ ਬਾਕੀ ਹੈ। ਉਸ ਪਾਪੀ ਕਲੰਕ ਦਾ ਟਿੱਕਾ ਹਾਲੇ ਤੱਕ ਸਾਡੇ ਮੱਥੇ 'ਤੇ ਲੱਗਿਆ ਹੋਇਆ ਹੈ, ਜਿਹਦਾ ਅਸੀਂ ਕਦੇ ਜ਼ਿਕਰ ਤੱਕ ਨਹੀਂ ਕਰਦੇ।

ਇਹਦੇ ਇਲਾਵਾ ਗੁਰੂ ਨੇ ਜਿਨ੍ਹਾਂ ਨੂੰ ਗਲ਼ੇ ਲਗਾਇਆ ਤੇ ਗਲ਼ਵੱਕੜੀ ਪਾਈ, ਖਾਲਸੇ ਨੇ ਉਨ੍ਹਾਂ ਨਾਲ਼ ਹੀ ਦਗ਼ਾ ਕਮਾਇਆ ਤੇ ਗਿਣਤੀ ਮਿਣਤੀ ਦੇ ਚੱਕਰਾਂ ਵਿੱਚ ਉਲ਼ਝ ਗਿਆ। ਖਾਲਸੇ ਦੇ ਘਰ ਅਤੇ ਗੜ੍ਹ ਵਿੱਚ ਸਿੱਖੀ ਤੋਂ ਕਾਣਾ, ਰਾਠੀ ਅਤੇ ਆਕੀ ਖਾਲਸਾ ਗੁਰਦੁਆਰਿਆਂ 'ਤੇ ਕਬਜਾ ਕਰਕੇ ਸਿਆਸੀ ਸਰਾਲ਼ ਬਣ ਗਿਆ ਹੈ ਤੇ ਗੁਰੂ ਦੇ ਨਾਂ 'ਤੇ ਉਸਰੀਆਂ ਸੰਸਥਾਵਾਂ ਨੂੰ ਸਾਬਤ ਸਬੂਤੀਆਂ ਨਿਗਲ਼ ਰਿਹਾ ਹੈ।

ਸਿੱਖਾਂ ਦੀ ਨੁਮਾਇੰਦਾ ਸਮਝੀ ਜਾਂਦੀ ਰਾਜਸੀ ਦਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ ਲੱਗੇ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ’ਤੇ ਦੋਸ਼ ਲੱਗ ਰਹੇ ਹਨ। ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅੰਮ੍ਰਿਤ ਛਕਾਉਣ ਦੀ ਸੇਵਾ ਨਿਭਾਉਣ ਵਾਲ਼ੇ ਪੰਜ ਪਿਆਰਿਆਂ 'ਤੇ ਅੰਮ੍ਰਿਤ ਅਭਿਲਾਸ਼ੀ ਬੀਬੀਆਂ ਦੀ ਛੇੜ-ਛਾੜ ਦੇ ਦੋਸ਼ ਲੱਗ ਚੁੱਕੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਢਾਈ ਸੌ ਤੋਂ ਵੱਧੀਕ ਬੀੜਾਂ ਖ਼ੁਰਦ ਬੁਰਦ ਹੋਣ ਦੇ ਚਰਚੇ ਹਨ। ਕਾਬੇ ਵਿੱਚ ਕੁਫ਼ਰ ਦੀ ਸਿਖਰ ਹੋ ਚੁੱਕੀ ਹੈ।

ਖਾਲਸਾ ਹੁਣ ਧਨਾਡ ਦੇ ਹਿਤ ਪਾਲਣ ਵਿੱਚ ਮਸ਼ਰੂਫ ਹੈ। ਨਿਮਾਣੇ ਹੋਰ ਨਿਮਾਣੇ ਹੋ ਰਹੇ ਹਨ, ਨਿਆਸਰਿਆਂ ਦਾ ਕੋਈ ਆਸਰਾ ਨਹੀਂ ਰਿਹਾ, ਨਿਪੱਤਿਆਂ ਦੀ ਪੱਤ ਰੋਲ਼ੀ ਜਾ ਰਹੀ ਹੈ। ਖਾਲਸੇ ਨੇ ਜਿੰਮੇਵਾਰੀ ਦੀਆਂ ਸੋਲ਼ਾਂ ਦੀਆਂ ਸੋਲ਼ਾਂ ਪੰਡਾਂ ਸਿਰੋਂ ਉਤਾਰ ਦਿੱਤੀਆਂ ਹਨ। ਹੁਣ ਗਰੀਬ ਲਾਚਾਰ ਤੇ ਮਜ਼ਲੂਮ ਦਾ ਕੋਈ ਵਾਲੀ-ਵਾਰਸ ਨਹੀਂ ਰਿਹਾ। ਖਾਲਸਾ ਗੁਰੂ ਕਾ ਬਿਰਦ ਭੁੱਲ ਗਿਆ ਹੈ।

ਜੀ ਕਰਦਾ ਹੈ ਕਿ ਖਾਲਸੇ ਦੀ ਅਰਦਾਸ ਵਿੱਚ ਇਹ ਸ਼ਬਦ ਜ਼ਰੂਰ ਸ਼ਾਮਲ ਹੋਣ ਕਿ ’ਹੇ ਵਾਹਿਗੁਰੂ, ਖਾਲਸੇ ਦੇ ਪਵਿੱਤਰ ਬਾਣੇ ਵਿੱਚ, ਜਿਸ ਮੁਲਖੱਈਆ ਸੋਚ ਨੇ, ਅਵਾਮ ਦੇ ਘਰ ਲੁੱਟੇ, ਨਾਜਾਇਜ਼ ਕਬਜ਼ੇ ਕੀਤੇ, ਸਾੜਫੂਕ ਕੀਤੀ, ਬੇਗੁਨਾਹਾਂ ਦੇ ਕਤਲ ਕੀਤੇ ਤੇ ਅਬਲਾਵਾਂ ਦੀ ਪੱਤ ਰੋਲ਼ੀ, ਉਸ ਨਿਰਦਈ ਅਤੇ ਨਿਲੱਜ ਸੋਚ 'ਤੋਂ ਖਾਲਸੇ ਨੂੰ ਨਿਰਲੇਪ ਰੱਖੀਂ।

**ਸੰਪ: 9417518384**

**ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਦਿਵਸ (12 ਸਿਤੰਬਰ) ਤੇ ਵਿਸ਼ੇਸ਼**

# ਜੋਗੀ ਸਿੱਧ ਅਤੇ ਗੁਰੂ ਨਾਨਕ

## (ਲੋਕ ਛੰਦ ਕਲੀ)

**-ਕਸ਼ਮੀਰ ਸਿੰਘ ਨੀਰ**

ਜੋਗੀ ਸਿੱਧ ਦੁਰਾਡੇ ਦੇਸ਼ੋਂ ਤੁਰੇ ਪੰਜਾਬ ਨੂੰ,
ਦਰਸ਼ਨ ਗੁਰ ਨਾਨਕ ਦੇ ਕਰਨ ਵਾਸਤੇ ਧਾਏ।

ਦਿਸ਼ਾ ਪੰਜਾਬ ਵਲ ਨੂੰ ਉਨ੍ਹਾਂ ਮੱਥਾ ਧਰ ਲਿਆ,
ਜੰਗਲ ਨਦੀਆਂ ਨਾਲੇ ਖਾਲੇ ਟੱਪਦੇ ਆਏ॥

ਬਿਖੜੇ ਰਸਤੇ, ਪੰਧ ਲੰਮੇਰੇ ਪੈਦਲ ਤੁਰ ਤੁਰ ਕੇ,
ਦਿਲ ਵਿੱਚ ਦੀਵੇ ਦਰਸ ਗੁਰੂ ਦੇ ਉਨ੍ਹਾਂ ਜਗਾਏ॥

ਪੁਛਦੇ ਗਿਛਦੇ ਸਿੱਧੇ ਹੋ ਪਏ ਦਰਿਆ ਰਾਵੀ ਨੂੰ,
ਰੂਪ ਇਲਾਹੀ ਅੱਖੀਂ ਵੇਖਣ ਨੂੰ ਸਧਰਾਏ॥

ਉਤਰੀ ਕੰਢੇ ਰਾਵੀ ਦੇ ਵਸਿਆ ਕਰਤਾਰਪੁਰਾ,
ਜਿੱਥੇ ਸੁਣਿਆ ਕਿ ਗੁਰ ਨਾਨਕ ਡੇਰੇ ਲਾਏ॥

ਆ ਕੇ ਸਿੱਧਾਂ ਪੁਛਿਆ ਸਤਿਗੁਰ ਬਾਰੇ ਸੰਗਤ ਨੂੰ,
ਨਾਲੇ ਏਧਰ ਓਧਰ ਉਨ੍ਹਾਂ ਨਜ਼ਰ ਦੌੜਾਈ॥

ਸੰਗਤ ਦੱਸਿਆ ਪੂਰੇ ਹੋ ਗਏ, ਚੋਲਾ ਛਡ ਗਏ ਓਹ,
ਕੁਝ ਦਿਨ ਹੋ ਗਏ ਨੇ ਓਹ ਕਰ ਗਏ ਹੈਨ ਝੜਾਈ॥

ਭੁੱਬਾਂ ਨਿਕਲ ਗਈਆਂ ਤਦ ਸੁਣ ਕੇ ਖਬਰ ਕਲਿਹਣੀ ਏਹ,
ਉਨ੍ਹਾਂ ਅੱਖੀਆਂ ਵਿੱਚੋਂ ਰਾਵੀ ਉੱਛਲ ਆਈ॥

ਨ੍ਹੇਰੀ ਦੁਖ ਗਮਾਂ ਦੀ ਝੁੱਲੀ ਐਸੀ ਤਨ ਮਨ ਤੇ,
ਸਾਰੀ ਸੰਗਤ ਸਿੱਧਾਂ ਆਪਣੇ ਨਾਲ ਰੁਆਈ॥

ਰੁਕ ਰੁਕ ਜੋਗੀ ਬੋਲੇ ਪੂਰਬ ਦੇਸ਼ੋਂ ਆਏ ਹਾਂ,
ਸਤਿਗੁਰ ਨਾਨਕ ਨੇ ਸੀ ਸਾਡੇ ਚੱਕਰ ਲਾਇਆ॥

ਤੇਰ੍ਹਾਂ ਚੌਧਾਂ ਸਾਲਾ ਤੀਕਰ ਰਹੇ ਉਡੀਕਦੇ,
ਮੁੱਦਤ ਹੋਈ ਫਿਰ ਨਾ ਸਾਨੂੰ ਦਰਸ ਦਿਖਾਇਆ॥

ਅਸੀਂ ਤਿਆਗੇ ਸੀ ਹਠ ਯੋਗ ਉਨ੍ਹਾਂ ਦੇ ਕਹਿਣੇ ਤੇ,
ਉੱਚੇ ਨਾਮ ਸ਼ਬਦ ਦੇ ਮਾਰਗ ਸਾਨੂੰ ਪਾਇਆ॥

ਸਾਨੂੰ ਬਚਨ ਸੁਣਾਓ ਸਾਡੇ ਸਤਿਗੁਰ ਪਿਆਰੇ ਦੇ,
ਜੇ ਕੋਈ ਹੋਵੇ ਉਨ੍ਹਾਂ ਅੰਤਮ ਸਮੇਂ ਸੁਣਾਇਆ॥

ਸੰਗਤ ਦੇਣ ਲੱਗੀ ਵਾਕਫੀਅਤ ਫਿਰ ਸਿੱਧਾਂ ਨੂੰ,
ਸੁਣ ਸੁਣ ਗੱਲਾਂ ਧੀਰਜ ਧਰਦੇ ਜਾਣ ਵਿਚਾਰੇ॥

ਬਾਰਾਂ ਸਾਲ ਆਖਰੀ ਸਫਰਾਂ ਰੁਝੇ ਜੀਵਨ ਦੇ,
ਇਸ ਕਰਤਾਰਪੁਰੇ ਪਿੰਡ ਬਾਬੇ ਹੁਰਾਂ ਗੁਜਾਰੇ॥

ਏਥੇ ਨਾਮ ਸ਼ਬਦ ਦਾ ਕਰਦੇ ਉਹ ਪਰਚਾਰ ਰਹੇ,
ਨਾਲੇ ਹੱਥੀਂ ਖੇਤੀ ਕਰਕੇ ਕਰਨ ਗੁਜਾਰੇ॥

ਅੰਤਮ ਸੱਤ ਸਾਲ ਰਿਹਾ ਭਾਈ ਲਹਿਣਾ ਸੇਵਾ 'ਚ,
ਜਿਹੜਾਂ ਲੁੱਟ ਕੇ ਲੈ ਗਿਆ ਭਗਤੀ ਭਰੇ ਭੰਡਾਰੇ॥

ਪਾ ਕੇ ਜੱਫੀ ਬਾਬੇ ਨਾਨਕ ਸੀ ਗਲ ਲਾਇਆ,
ਭਾਈ ਲਹਿਣੇ ਤੋਂ ਗੁਰ ਅੰਗਦ ਦੇਵ ਬਣਾਇਆ॥

ਰੱਖ ਕੇ ਇੱਕ ਨਾਰੀਅਲ ਤੇ ਪੰਜ ਪੈਸੇ ਬਾਬੇ ਨੇ,
ਮੱਥਾ ਟੇਕਿਆ ਉਹਦੇ ਚਰਨੀਂ ਸੀਸ ਲਗਾਇਆ॥

ਅੱਜ ਕਲ ਸਤਿਗੁਰ ਉਹ ਬੈਠੇ ਪਿੰਡ ਖਡੂਰ ਨੇ,
ਬਹੁਤੀ ਸੰਗਤ ਨੇ ਵੀ ਉਥੇ ਡੇਰਾ ਲਾਇਆ॥

ਸਾਧੋਂ ਤੁਸੀਂ ਵੀ ਉਥੇ ਜਾ ਦਰਸ਼ਨ ਕਰ ਸਕਦੇ ਹੋ,
ਉਧਰ ਚੱਲਣ ਤੇ ਹੁਣ ਅਸਾਂ ਵੀ ਹੈ ਚਿੱਤ ਚਾਹ੍ਿਆ॥

ਰਸਤਾ ਪੁਛ ਕੇ ਜੋਗੀ ਤੁਰ ਪਏ ਪਿੰਡ ਖਡੂਰ ਨੂੰ,
ਜਾ ਕੇ ਗੁਰ ਅੰਗਦ ਦੇ ਚਰਨੀਂ ਸੀਸ ਨਿਵਾਏ॥

ਦਰਸ਼ਨ ਕੀਤੇ ਉੱਚੀ ਗੱਦੀ ਬੈਠੇ ਸਤਿਗੁਰ ਦੇ,
ਨਾਲੇ ਮੂੰਹੋਂ ਸਾਧਾਂ ਨੇ ਇਹ ਬਚਨ ਸੁਣਾਏ॥

ਸੁਣਿਐ ਗੁਰ ਨਾਨਕ ਨੇ ਤੁਹਾਨੂੰ ਮੱਥਾ ਟੇਕਿਐ,
ਵੱਡੇ ਮਹਾਂ ਪੁਰਸ਼ ਹੋ ਸਾਨੂੰ ਸਮਝ'ਚ ਆਏ॥

ਬੋਲੇ ਅੰਗਦ, ਮੇਰੇ ਵਿੱਚ ਤਾਂ ਕੋਈ ਗੁਣ ਨਾ ਹੈ,
ਤੁਹਾਨੂੰ ਜੋਗੀ ਜੀ ਕੁਝ ਗਲਤ ਸਮਝ ਵਿੱਚ ਆਇਆ।

ਮਾਂ ਜਦ ਬੱਚੇ ਨੂੰ ਹੈ ਚੁੱਕਦੀ ਤਾਂ ਉਹ ਝੁਕਦੀ ਹੈ,
ਏਦਾਂ ਉਨ੍ਹਾਂ ਝੁਕ ਕੇ ਮੈਨੂੰ ਹੈ ਉਚਿਆਇਆ॥

ਮੇਰੀ ਹਸਤੀ ਆਪਣੇ ਸਤਿਗੁਰ ਸਾਹਵੇਂ ਬੱਚੇ ਦੀ,
ਥੋਨੂੰ ਜੋਗੀ ਜੀ ਹੈ ਗਲਤ ਸਮਝ ਵਿੱਚ ਆਇਆ॥

ਸੁਣਕੇ ਬਚਨ ਪ੍ਰੇਮ ਨਿਮਰਤਾ ਦੇ ਗੁਰ ਅੰਗਦ ਦੇ,
ਮਨ ਭਰ ਆਏ ਸਿੱਧਾਂ ਅੱਖੋਂ ਨੀਰ ਵਹਾਏ॥

ਇਹ ਤਾਂ ਪ੍ਰੇਮ ਦਇਆ ਦੇ ਸਾਗਰ ਨਾਨਕ ਵਰਗੇ ਹੀ,
ਕਹਿ ਕੇ ਫੇਰ ਦੁਬਾਰਾ ਚਰਨੀਂ ਸੀਸ ਨਿਵਾਏ॥

--------------

# ਅੰਮ੍ਰਿਤਸਰ ਅਤੇ ਰਾਏਕੋਟ ਸਾਕਿਆਂ ਦਾ ਇੱਕ ਪਾਤਰ

## ਗੁਲਾਬ ਸਿੰਘ ਉਰਫ਼ ਗੁਲਾਬੂ

ਜਸਵਿੰਦਰ ਸਿੰਘ ਹਿਸਟੋਰੀਅਨ

ਬੁੱਚੜ ਬੱਧ ਸਾਕੇ ਦੇ ਇੱਕ ਪਾਤਰ ਹੀਰਾ ਭਾਟੜਾ ਬਾਰੇ ਲੇਖ ਕੁਝ ਸਮਾਂ ਪਹਿਲਾਂ ਮੈਂ ਲਿਖਿਆ ਸੀ। ਅੰਮ੍ਰਿਤਸਰ ਸਾਕੇ ਤੋਂ ਬਾਅਦ ਅੰਮ੍ਰਿਤਸਰ ਸਾਕੇ ਦੇ ਇਸ ਪਾਤਰ ਨੇ ਭਾਵੇਂ ਆਪ ਸਿੱਧੀ ਕਾਰਵਾਈ ਵਿੱਚ ਹਿੱਸਾ ਨਹੀਂ ਸੀ ਲਿਆ, ਪਰ ਫੇਰ ਵੀ ਇਸ ਪਾਤਰ ਨੇ ਬੁੱਚੜ ਬੱਧ ਘਟਨਾ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਸੀ। ਹੀਰੇ ਨੇ ਜਾਸੂਸ ਕ੍ਰਿਸਟੀ ਵਰਗੇ ਪੁਲਿਸ ਅਫ਼ਸਰ ਨੂੰ ਵੀ ਚੱਕਰ ਵਿੱਚ ਪਾ ਦਿੱਤਾ ਸੀ ਅਤੇ ਬੁੱਚੜ ਬੱਧ ਕੇਸ ਦੀ ਪੜਤਾਲ ਨੂੰ ਹੋਰ ਪਾਸੇ ਵੱਲ ਹੀ ਮੋੜ ਦਿੱਤਾ ਸੀ। ਇਸ ਤੱਥ ਨੂੰ ਸਰਕਾਰ ਨੇ ਵੀ ਮੰਨਿਆ ਸੀ। ਪਰ ਇਸ ਪਾਤਰ ਹੀਰਾ ਭਾਟੜਾ ਬਾਰੇ ਨਾਮਧਾਰੀ ਲੇਖਕਾਂ ਅਤੇ ਪ੍ਰਚਾਰਕਾਂ ਦਾ ਰਵੱਈਆ ਕਾਫ਼ੀ ਗ਼ੈਰ-ਜ਼ਿੰਮੇਦਾਰਾਨਾ ਰਿਹਾ ਅਤੇ ਇਸ ਨੂੰ 'ਬਦਮਾਸ਼' ਅਤੇ ਭੈੜੇ ਚਰਿੱਤਰ ਵਾਲਾ ਮੰਨਦੇ ਰਹੇ ਹਨ। ਭਾਵੇਂ ਅੰਗਰੇਜ਼ਾਂ ਦੀ ਪੜਤਾਲੀਆਂ ਨਜ਼ਰ ਵਿੱਚ ਹੀਰਾ ਭਾਟੜਾ 'ਚੰਗੇ ਚਰਿੱਤਰ' ਵਾਲਾ ਵਿਅਕਤੀ ਸੀ। ਇਨ੍ਹਾਂ ਸਾਰੇ ਤੱਥਾਂ ਨੂੰ ਦੇਖਦਿਆਂ ਹੋਇਆਂ ਮੈਂ ਉਸ ਬਾਰੇ ਲੇਖ ਅੰਮ੍ਰਿਤਸਰ ਸਾਕੇ ਤੋਂ ਬਾਅਦ ਲਿਖਕੇ ਇਹ ਦੱਸਣ ਦਾ ਯਤਨ ਸੀ ਕਿ ਹੀਰਾ ਭਾਟੜਾ ਨੇ ਅੰਮ੍ਰਿਤਸਰ ਗਊ ਹੱਤਿਆ ਕੇਸ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ ਸੀ ਅਤੇ ਉਹ ਚੰਗੇ ਚਾਲ-ਚੱਲਣ ਵਾਲਾ ਵਿਅਕਤੀ ਸੀ। ਆਪਣੇ ਮਨੋਰਥ ਵਿੱਚ ਮੈਂ ਕਿੰਨਾ ਕੁ ਸਫ਼ਲ ਹੋਇਆ ਹਾਂ, ਪਾਠਕ ਅਤੇ ਸਮਾਂ ਹੀ ਦੱਸੇਗਾ। ਇਸ ਪਾਤਰ ਨੇ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਲਿਆ ਸੀ ਅਤੇ ਅਖ਼ੀਰ ਵਿੱਚ ਉਸ ਨੂੰ ਆਪ ਵੀ ਰੂਪੋਸ਼ ਹੋ ਜਾਣਾ ਪਿਆ ਸੀ।

ਅੰਮ੍ਰਿਤਸਰ ਬੁੱਚੜ ਬੱਧ ਸਾਕੇ ਦੇ ਇੱਕ ਹੋਰ ਪਾਤਰ ਬਾਰੇ ਮੈਂ ਜੋ ਇਹ ਲੇਖ ਲਿਖ ਰਿਹਾ ਹਾਂ 'ਗੁਲਾਬ ਸਿੰਘ ਉਰਫ਼ ਗੁਲਾਬੂ।' ਇਹ ਪਾਤਰ, ਗੁਲਾਬ ਸਿੰਘ ਅੰਮ੍ਰਿਤਸਰ ਸਾਕੇ ਦੇ ਨਾਲ-ਨਾਲ ਰਾਏਕੋਟ ਸਾਕੇ ਨਾਲ ਵੀ ਸਬੰਧਤ ਸੀ ਅਤੇ ਇਨ੍ਹਾਂ ਦੋਨਾਂ ਸਾਕਿਆਂ ਨਾਲ ਸਬੰਧਤ ਕੂਕਿਆਂ ਸਿੰਘਾਂ ਨੂੰ ਫਾਂਸੀਆਂ 'ਤੇ ਚੜ੍ਹਾਉਣ ਵਿੱਚ ਇਸ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਗੁਲਾਬ ਸਿੰਘ ਆਪ ਤਾਂ ਵਾਅਦਾ ਮੁਆਫ ਗਵਾਹ ਬਣ ਕੇ ਫ਼ਾਂਸੀ ਤੋਂ ਬਚ ਗਿਆ ਸੀ, ਪਰ ਇਸ ਨੇ ਅੰਮ੍ਰਿਤਸਰ ਅਤੇ ਰਾਏਕੋਟ ਸਾਕਿਆਂ ਵਿੱਚ ਪੁਲਿਸ ਦੀ ਚੋਖੀ ਮਦਦ ਕੀਤੀ ਸੀ। ਇਸ ਕਰਕੇ ਇਸ ਵਿਅਕਤੀ ਗੁਲਾਬ ਸਿੰਘ ਦਾ ਨਾਂ ਨਾਮਧਾਰੀ ਸਮਾਜ ਵਿੱਚ ਨਫ਼ਰਤ ਨਾਲ ਗੁਲਾਬੂ ਲਿਆ ਜਾਂਦਾ ਰਿਹਾ ਸੀ। ਜਿੱਥੇ ਰਾਏਕੋਟ ਅਤੇ ਅੰਮ੍ਰਿਤਸਰ ਸਾਕੇ ਵਿੱਚ ਫ਼ਾਂਸੀ ਚੜ੍ਹ ਕੇ ਸ਼ਹੀਦ ਹੋਏ ਕੂਕੇ ਸਿੰਘਾਂ ਨੂੰ ਆਦਰ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਸ਼ਹੀਦੀ ਅਸਥਾਨ ਬਣੇ ਹੋਏ ਹਨ, ਯਾਦ ਵਿੱਚ ਮੇਲੇ ਲੱਗਦੇ ਹਨ। ਉੱਥੇ ਇਸ ਪਾਤਰ ਗੁਲਾਬ ਸਿੰਘ ਨੂੰ ਨਫ਼ਰਤ ਨਾਲ ਵੀ ਯਾਦ ਨਹੀਂ ਕੀਤਾ ਜਾਂਦਾ। ਐਸੇ ਪਾਤਰ ਗੁਲਾਬ ਸਿੰਘ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਲਿਖੇ ਇੱਕ ਹੁਕਮਨਾਮੇਂ ਵਿੱਚ 'ਗੁਲਾਬੂ ਚਮਾਰ' ਲਿਖਿਆ ਹੈ। ਪਾਠਕ ਹੈਰਾਨ ਹੋਣਗੇ ਕਿ ਐਸੇ ਘਟੀਆ ਪਾਤਰ ਬਾਰੇ ਲੇਖ ਲਿਖਣ ਦੀ ਕੀ ਲੋੜ ਸੀ, ਇਹ ਲੇਖ ਕਿਓ ਲਿਖਿਆ ਗਿਆ?

ਮੈਂ ਜਦੋਂ-ਜਦੋਂ ਵੀ ਅੰਮ੍ਰਿਤਸਰ ਸਾਕੇ ਦੇ ਸਰਕਾਰੀ ਦਸਤਾਵੇਜ਼, ਮੁਕੱਦਮੇ ਦੀਆਂ ਗਵਾਹੀਆਂ, ਫਾਈਆਂ ਅਤੇ ਬਿਆਨ ਪੜ੍ਹਦਾ ਰਿਹਾ ਹਾਂ, ਮੈਂ ਇਹ ਸਮਝਣ ਦਾ ਯਤਨ ਕਰਦਾ ਰਿਹਾ ਹਾਂ ਕਿ ਗੁਲਾਬ ਸਿੰਘ ਕਿਤੇ ਅੰਗਰੇਜ਼ਾਂ ਦਾ ਜਾਸੂਸ ਤਾਂ ਨਹੀਂ ਸੀ ਨਾਮਧਾਰੀ ਭੇਸ ਵਿੱਚ ਅਤੇ ਇਸ ਦੀ ਵਰਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਅੰਗਰੇਜ਼ਾਂ ਵਿਰੁੱਧ ਚਲਾਈ ਗਈ 'ਕੂਕਾ ਲਹਿਰ' ਨੂੰ ਤਾਰ ਪੀਡੋ ਕਰਨ ਲਈ ਕੀਤੀ ਗਈ ਸੀ? ਮੈਂ ਆਪਣੇ ਇਸ ਸ਼ੰਕੇ ਨੂੰ ਪਾਠਕਾਂ ਨਾਲ ਸਾਂਝਾ ਕਰਨ ਦਾ ਯਤਨ ਕਰ ਰਿਹਾ ਹਾਂ ਕਿ ਠੀਕ ਕੀ ਸੀ? ਇਸ ਲੇਖ ਵਿੱਚ ਮੈਂ ਸੰਖੇਪ ਵਿੱਚ ਲਗਪਗ ਸਾਰੇ ਲੋੜੀਂਦੇ ਤੱਥ ਪੇਸ਼ ਕਰ ਰਿਹਾ ਹਾਂ ਤਾਂ ਜੋ ਪਾਠਕ ਅਸਲੀਅਤ ਨੂੰ ਚੰਗੀ ਤਰ੍ਹਾਂ ਸਮਝਕੇ ਆਪ ਉਸ ਸ਼ਖ਼ਸ ਬਾਰੇ ਨਿਰਨਾਂ ਕਰ ਸੱਕਣ।

ਗੁਲਾਬ ਸਿੰਘ ਦਾ ਪਹਿਲਾਂ ਸਿੱਧੇ ਤੌਰ 'ਤੇ ਅੰਮ੍ਰਿਤਸਰ ਸਾਕੇ ਦੀ ਮੁੱਢਲੀ ਵਿਓਂਤ ਨਾਲ ਕੋਈ ਸਬੰਧ ਨਹੀਂ ਸੀ ਅਤੇ ਨਾ ਹੀ ਉਸ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਬੁਲਾਇਆ ਜਾਂ ਕਿਹਾ ਗਿਆ ਸੀ। ਉਹ ਤਾਂ ਅੰਮ੍ਰਿਤਸਰ ਦੇ ਕਿਸੇ ਕੂਕੇ ਅਥਵਾ ਨਾਮਧਾਰੀ ਸਿੰਘਾਂ ਨੂੰ ਉਹ ਜਾਣਦਾ ਵੀ ਨਹੀਂ ਸੀ ਅਤੇ ਨਾ ਹੀ ਬੁਨਿਆਦੀ ਸੋਚ ਰੱਖਣ

ਵਾਲੇ ਪਿੰਡ ਲੋਪੋਕੀ ਦੇ ਝੰਡਾ ਸਿੰਘ ਅਤੇ ਮੇਹਰ ਸਿੰਘ ਨੂੰ ਜਾਣਦਾ ਸੀ। ਗੁਲਾਬ ਸਿੰਘ ਤਾਂ ਆਪ ਹੀ ਬਿਨਾਂ ਬੁਲਾਏ ਮਹਿਮਾਨ ਦੀ ਤਰ੍ਹਾਂ ਇਸ ਸਾਕੇ ਵਿੱਚ ਆ ਵੜਿਆ ਸੀ। ਜਿਵੇਂ ਪਾਠਕ ਅੱਗੇ ਚੱਲ ਕੇ ਪੜ੍ਹਨਗੇ। ਇਸ ਤੋਂ ਇਹ ਸ਼ੱਕ ਪੈਂਦਾ ਹੈ ਕਿ ਗੁਲਾਬ ਸਿੰਘ ਕਿਸੇ ਵਿਸ਼ੇਸ਼ ਮਕਸਦ ਲਈ ਹੀ ਦੋਨਾਂ ਸਾਕਿਆਂ ਵਿੱਚ ਸ਼ਾਮਿਲ ਹੋਇਆ ਸੀ ਅਤੇ ਦੋਨਾਂ ਸਾਕਿਆਂ, ਰਾਏਕੋਟ ਅਤੇ ਅੰਮ੍ਰਿਤਸਰ ਦਾ ਵਾਅਦਾ ਮੁਆਫ਼ ਗਵਾਹ ਬਣ ਕੇ ਬਚ ਵੀ ਗਿਆ ਸੀ। ਕਿਉਂਕਿ ਜਿਸ ਜ਼ੁਰਮ ਦੀ ਸਜ਼ਾ ਫ਼ਾਂਸੀ ਹੋਵੇ, ਉਸ ਕਾਂਡ ਵਿੱਚ ਬਿਨਾਂ ਬੁਲਾਏ ਅਤੇ ਬਿਨਾਂ ਕਿਸੇ ਮਕਸਦ ਦੇ ਕਿਉਂ ਕੋਈ ਸ਼ਾਮਲ ਹੋਵੇਗਾ।

ਗੁਲਾਬ ਸਿੰਘ ਨੂੰ ਅੰਮ੍ਰਿਤਸਰ ਸਾਕੇ ਵਿੱਚ ਸ਼ਾਮਿਲ ਹੋਣ ਲਈ ਕਿਸੇ ਨੇ ਨਹੀਂ ਕਿਹਾ ਜਾਂ ਬੁਲਾਇਆ। ਇਸ ਸਾਕੇ ਬਾਰੇ ਮੁੱਢਲੀ ਸੋਚ ਰੱਖਣ ਵਾਲੇ ਪਿੰਡ ਲੋਪੋਕੀ ਦੇ ਝੰਡਾ ਸਿੰਘ ਅਤੇ ਮਿਹਰ ਸਿੰਘ, ਗੁਲਾਬ ਸਿੰਘ ਨੂੰ ਬਿਲਕੁਲ ਵੀ ਨਹੀਂ ਸਨ ਜਾਣਦੇ ਅਤੇ ਨਾ ਕਦੇ ਮਿਲੇ ਹੀ ਸਨ। ਇਹ ਉਹ ਸਮਾਂ ਸੀ ਜਦੋਂ ਕੂਕਾ ਲਹਿਰ ਆਪਣੇ ਸਿਖਰ 'ਤੇ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਕਸ਼ਮੀਰ, ਨੇਪਾਲ ਅਤੇ ਕਾਸ਼ੀਪੁਰ ਦੇ ਮੁਖੀਆਂ ਨਾਲ ਅੰਗਰੇਜ਼ਾਂ ਵਿਰੁੱਧ ਸੰਘਰਸ਼ ਲਈ ਸੰਪਰਕ ਬਣ ਚੁੱਕਾ ਸੀ ਅਤੇ ਇਹ ਸਭ ਠੀਕ ਸਮੇਂ ਪ੍ਰਫੁੱਲਤ ਰੂਪ ਵਿੱਚ ਬਗ਼ਾਵਤ ਵਿੱਚ ਮਦਦ ਕਰਨ ਲਈ ਤਿਆਰ ਹੋਏ ਹੋਏ ਸਨ। 4,50000 ਕੂਕੇ ਅਥਵਾ ਨਾਮਧਾਰੀ ਬਗਾਵਤ ਕਰਨ ਲਈ ਤਿਆਰ ਸਨ ਅਤੇ ਕਸ਼ਮੀਰ ਵਿੱਚ 'ਕੂਕਾ ਪਲਟਨ' ਬਣ ਚੁੱਕੀ ਸੀ। ਐਸੇ ਸਮੇਂ ਸਾਲ 1870-72 ਈ. ਵਿੱਚ ਅੰਗਰੇਜ਼ਾਂ ਨੂੰ ਚਿੰਤਾਜਨਕ ਖ਼ਬਰਾਂ ਮਿਲ ਰਹੀਆਂ ਸਨ ਕਿ ਉਨ੍ਹਾਂ ਵਿਰੁੱਧ ਬਗਾਵਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ, ਸਤਿਗੁਰੂ ਰਾਮ ਸਿੰਘ ਵੱਲੋਂ। ਸ੍ਰੀ ਸਤਿਗੁਰੂ ਜੀ ਆਪਣੇ ਮਨੋਰਥ ਬਾਰੇ ਥਾਂ-ਥਾਂ 'ਤੇ ਜਾ ਕੇ ਪ੍ਰਚਾਰ ਕਰ ਰਹੇ ਸਨ।

ਆਪਣੇ ਪੈਰੋਕਾਰਾਂ ਨੂੰ ਸਤਿਗੁਰੂ ਜੀ ਨੇ ਹੁਕਮ ਦਿੱਤਾ ਕਿ ਕਿਸੇ ਤਰ੍ਹਾਂ ਦੀ ਨਵੀਂ ਉਸਾਰੀ ਨਾ ਕੀਤੀ ਜਾਵੇ, ਕੋਈ ਜ਼ਮੀਨ ਜਾਇਦਾਦ ਨਾ ਖਰੀਦੀ ਜਾਵੇ ਅਤੇ ਜਿੱਥੋਂ ਤੱਕ ਹੋ ਸਕੇ ਤਾਂ ਜ਼ਮੀਨਾਂ-ਜਾਇਦਾਦਾਂ ਨੂੰ ਵੇਚ ਕੇ ਨਕਦ ਮਾਇਆ ਪਾਸ ਰੱਖੋ ਤਾਂ ਜੋ ਨੇੜੇ ਸਮਾਂ ਆਉਣ ਵਾਲਾ ਹੈ। ਉਸ ਵਿੱਚ ਵਰਤੋਂ ਕੀਤੀ ਜਾ ਸਕੇ। ਬਹੁਤ ਸਾਰੇ ਨਾਮਧਾਰੀ ਸਿੰਘਾਂ ਨੇ ਜ਼ਮੀਨਾਂ ਵੇਚ ਦਿੱਤੀਆਂ। ਇਕੱਲੇ ਦਿਆਲਗੜ੍ਹ ਪਿੰਡ ਦੇ ਹੀ 28 ਨਾਮਧਾਰੀਆਂ ਨੇ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ ਸਨ। ਜਗੀਰਦਾਰ ਸ. ਮੰਗਲ ਸਿੰਘ ਬਿਸ਼ਨ ਪੁਰੀਏ ਨੇ ਨਵੇਂ ਮਹਿਲ ਪਾਉਣ ਲਈ ਇੱਟਾਂ ਪਕਾਉਣ ਲਈ ਆਈ ਲਗਾਈ ਹੋਈ ਸੀ। ਉਸ ਨੇ ਵੀ ਪਹਿਲਾਂ ਵਾਲੀ ਗੱਲ ਛੱਡ ਕੇ ਇੱਟਾਂ ਸ੍ਰੀ ਭੈਣੀ ਸਾਹਿਬ ਭੇਜ ਦਿੱਤੀਆਂ ਸਨ। ਸੂਬੇ ਅਤੇ ਪ੍ਰਚਾਰਕ ਲੋਕਾਂ ਨੂੰ ਸੁਚੇਤ ਕਰ ਰਹੇ ਸਨ ਕਿ ਛੇਤੀ ਹੀ ਅੰਗਰੇਜ਼ਾਂ ਵਿਰੁੱਧ ਵਿਦਰੋਹ ਹੋ ਜਾਵੇਗਾ ਅਤੇ ਅੰਗਰੇਜ਼ ਰਾਜ ਚਲਾ ਜਾਵੇਗਾ। ਇਹ ਸਾਰੀਆਂ ਖ਼ਬਰਾਂ ਸਰਕਾਰ ਤੀਕ ਪਹੁੰਚ ਰਹੀਆਂ ਸਨ ਸੂਹੀਆਂ ਵੱਲੋਂ। ਜਿਸ ਕਰਕੇ ਸਰਕਾਰ ਅੰਗਰੇਜ਼ੀ ਚਿੰਤਾ ਵਿੱਚ ਸੀ ਅਤੇ ਡਰੀ ਹੋਈ ਸੀ। ਐਸੇ ਸਮੇਂ ਜਦੋਂ ਵੀ ਸਤਿਗੁਰੂ ਰਾਮ ਸਿੰਘ ਜੀ ਪ੍ਰਚਾਰ ਦੌਰਿਆਂ 'ਤੇ ਜਾਂਦੇ ਸਨ, ਸਰਕਾਰ ਦੇ ਜਾਸੂਸ ਨਾਲ-ਨਾਲ ਹੀ ਨਾਮਧਾਰੀ ਭੇਸ ਵਿੱਚ ਸੇਵਕ ਬਣ ਕੇ ਜਾਂਦੇ ਸਨ। ਸਰਕਾਰ ਕਿਸੇ ਵੀ ਤਰ੍ਹਾਂ ਗੁਰੂ ਰਾਮ ਸਿੰਘ ਜੀ ਦੇ ਆਪਣੇ ਵਿਰੁੱਧ ਚਲਾਏ ਜਾ ਰਹੇ ਪ੍ਰਚਾਰ ਨੂੰ ਰੋਕਣਾ ਚਾਹੁੰਦੀ ਸੀ। ਸਤਿਗੁਰੂ ਜੀ ਦਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਸਾਖੀ-ਦਿਵਾਲੀ ਆਦਿ ਸਮੇਂ ਜਾਣਾ ਰੋਕ ਦਿੱਤਾ ਗਿਆ ਸੀ।

1871 ਈ. ਅਪ੍ਰੈਲ ਤੋਂ ਹੀ ਸ੍ਰੀ ਅੰਮ੍ਰਿਤਸਰ ਵਿੱਚ ਗਊ ਹੱਤਿਆ ਵਿਰੁੱਧ ਹਿੰਦੂ ਭਾਈਚਾਰੇ ਵੱਲੋਂ ਰੋਸ ਮੁਜ਼ਾਹਿਰੇ ਅਤੇ ਹੜਤਾਲਾਂ ਹੋ ਰਹੀਆਂ ਸਨ ਕਿ ਸਰਕਾਰ ਗਊ ਹੱਤਿਆ ਉੱਤੇ ਪਾਬੰਦੀ ਲਗਾਵੇ, ਪਰ ਸਰਕਾਰ ਇਸ ਮੰਗ ਵੱਲ ਕੋਈ ਧਿਆਨ ਨਹੀਂ ਦੇ ਰਹੀ ਸੀ। ਸਰਕਾਰ ਨੂੰ ਸ਼ਹਿਰ ਵਾਸੀਆਂ ਦੀ ਕੋਈ ਚਿੰਤਾ ਨਹੀਂ ਸੀ। ਉਹ ਤਾਂ ਆਪਣੇ ਲਈ ਗਊ ਮਾਸ ਦਾ ਪ੍ਰਬੰਧ ਬਣਾਈ ਰੱਖਣ ਲਈ ਅਤੇ ਹਿੰਦੂਆਂ ਮੁਸਲਮਾਨਾ ਵਿੱਚ ਦੰਗੇ ਕਰਵਾਉਣ ਲਈ ਮੁਸਲਮਾਨਾਂ ਦਾ ਪੱਖ ਲੈ ਰਹੀ ਸੀ ਤੇ ਅੰਮ੍ਰਿਤਸਰ ਵਿੱਚ ਲੱਗਭੱਗ 60% ਮੁਸਲਮਾਨ ਅਤੇ 30 ਕੁ ਪ੍ਰਸੈਂਟ ਹਿੰਦੂ ਸਨ। ਸਿੱਖ ਤਾਂ ਕੇਵਲ 10 ਕੁ ਪ੍ਰਸੈਂਟ ਸਨ ਅਤੇ ਨਾਮਧਾਰੀ ਸਿੰਘਾਂ ਦੇ ਕੇਵਲ 7-8 ਘਰ ਸਨ ਜਿਨ੍ਹਾਂ ਵਿੱਚ ਸੂਬਾ ਰੂੜ ਸਿੰਘ, ਉੱਥੇ ਨਾਮਧਾਰੀਆਂ ਦਾ ਪ੍ਰਧਾਨ ਲਹਿਣਾ ਸਿੰਘ ਮਿਸਤਰੀ, ਫਤਿਹ ਸਿੰਘ ਆਦਿ ਪ੍ਰਮੁੱਖ ਸਨ। ਸੰਗਰਾਂਦ, ਪੂਰਨਮਾਸ਼ੀ, ਮੱਸਿਆ ਅਤੇ ਮੇਲਿਆਂ ਸਮੇਂ ਸ਼ਹਿਰ ਤੋਂ ਬਾਹਰੋਂ ਵੀ ਜ਼ਿਆਦਾਤਰ ਸਿੰਘ ਸ੍ਰੀ ਦਰਬਾਰ ਸਾਹਿਬ ਦਰਸ਼ਨ ਇਸ਼ਨਾਨ ਅਤੇ ਮੱਥਾ ਟੇਕਣ ਆਉਂਦੇ ਹੁੰਦੇ ਸਨ। ਇਨ੍ਹਾਂ ਹੀ ਦਿਨਾਂ ਵਿੱਚ ਪਿੰਡ ਲੋਪੋਕੀ ਦੇ ਦੋ ਨਾਮਧਾਰੀ, ਮਿਹਰ ਸਿੰਘ ਅਤੇ ਝੰਡਾ ਸਿੰਘ ਸ੍ਰੀ ਦਰਬਾਰ ਸਾਹਿਬ ਦਰਸ਼ਨ ਇਸ਼ਨਾਨ ਨੂੰ ਆਏ ਅਤੇ ਉਥੇ ਸ਼ਹਿਰ ਵਿੱਚ

ਗਊ-ਹੱਤਿਆ ਵਿਰੁੱਧ ਸਰਕਾਰ ਦਾ ਰਵੱਈਆ ਦੇਖ ਕੇ ਬੜੇ ਦੁਖੀ ਹੋਏ। ਨਾਮਧਾਰੀ ਸਿੰਘ ਉਨ੍ਹਾਂ ਦਿਨਾਂ ਵਿੱਚ ਅਰਦਾਸ ਕਰਿਆ ਕਹਿੰਦੇ ਸਨ- 'ਗਊ ਅਤੇ ਗਰੀਬ ਦਾ ਭਲਾ ਹੋਵੇ, ਦੁਸ਼ਟਾਂ ਦਾ ਨਾਸ ਹੋਵੇ।' ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ, ਸਰਬਰਾਹ ਅਤੇ ਪੁਜਾਰੀ ਤਾਂ ਅੰਗਰੇਜ਼ ਭਗਤ ਬਣੇ ਹੋਏ ਸਨ। ਉਹ ਤਾਂ ਗਊ-ਹੱਤਿਆ ਵਿਰੁੱਧ ਕੁਸਕ ਨਹੀਂ ਸਨ ਰਹੇ ਅਤੇ ਨਾ ਹੀ ਸਿੱਖਾਂ ਨੂੰ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਲਈ ਹੱਲਾ-ਸ਼ੇਰੀ ਦੇ ਰਹੇ ਸਨ। ਉਹ ਤਾਂ ਆਪਣੀ ਅੰਗਰੇਜ਼ ਭਗਤੀ ਦਿਖਾ ਰਹੇ ਸਨ। ਐਸੇ ਸਮੇਂ ਜਦੋਂ ਲੋਪੋਕੇ ਦੇ ਸਿੰਘਾਂ ਨੇ ਸ਼ਹਿਰ ਦੀ ਬੁਰੀ ਹਾਲਤ ਦੇਖੀ ਤਾਂ ਉਹ ਬੜੇ ਦੁਖੀ ਹੋਏ। ਉਨ੍ਹਾਂ ਨੇ ਕੁਝ ਕਰਨ ਦਾ ਮਨ ਬਣਾਇਆ। ਇਸ ਤੋਂ ਪਹਿਲਾਂ ਕਿ ਉਹ ਆਪਣੇ ਸਾਥੀਆਂ ਨਾਲ ਗੱਲ ਕਰਦੇ ਦੋਨਾਂ ਸਿੰਘਾਂ ਨੇ ਯੋਗ ਸਮਝਿਆ ਕਿ ਪਹਿਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਆਪਣੇ ਵਿਚਾਰ ਦੱਸੇ ਜਾਣ ਅਤੇ ਆਗਿਆ ਲਈ ਜਾਵੇ।

ਸੰਨ 1871 ਈ. ਦੀ ਮਾਘੀ ਮੁਕਤਸਰ ਕਰਕੇ ਹੋਲਾ ਖੋਟੀਂ ਅਤੇ ਦਮਦਮੇ ਹੋ ਕੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਪਸੀ ਸਮੇਂ ਪ੍ਰਚਾਰ ਕਰਦੇ ਹੋਏ ਮਲੇਰਕੋਟਲੇ ਇਲਾਕੇ ਵਿੱਚ ਠਹਿਰੇ ਹੋਏ ਸਨ। ਇੱਥੇ ਹੀ ਲੋਪੋਕੀ ਦੇ ਦੋਵੇਂ ਨਾਮਧਾਰੀ ਮੇਹਰ ਸਿੰਘ ਅਤੇ ਝੰਡਾ ਸਿੰਘ ਨੇ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਆਪਣੀ ਅਰਜ਼ ਦੱਸੀ। ਸਤਿਗੁਰੂ ਜੀ ਨੇ ਸਾਰੇ ਸ਼ਹਿਰ ਦਾ ਹਾਲ ਪੁੱਛਿਆ, ਸ੍ਰੀ ਦਰਬਾਰ ਸਾਹਿਬ ਦੇ ਜਿੰਮੇਵਾਰਾਂ ਦਾ ਹਾਲ ਪੁੱਛਿਆ। ਦੋਨਾ ਸਿੰਘਾਂ ਨੇ ਦੱਸਿਆ ਕਿ ਉਹ ਸਭ ਚੁੱਪ ਹਨ ਅਤੇ ਆਪਣੀ ਅੰਗ੍ਰੇਜ਼ ਭਗਤੀ ਦਿਖਾ ਰਹੇ ਹਨ। ਕੇਵਲ ਸ਼ਹਿਰ ਦਾ ਹਿੰਦੂ ਤਬਕਾ ਹੀ ਪ੍ਰਦਰਸ਼ਨ ਕਰ ਰਿਹਾ ਹੈ। ਸ੍ਰੀ ਸਤਿਗੁਰੂ ਜੀ ਨੇ ਫੇਰ ਪੁੱਛਿਆ ਕਿ ਕੀ ਉਨ੍ਹਾਂ ਨੇ ਸ਼ਹਿਰ ਦੇ ਨਾਮਧਾਰੀ ਸਿੰਘਾਂ ਨਾਲ ਵਿਚਾਰ ਵਟਾਂਦਰਾ ਕੀਤਾ ਸੀ? ਸਿੰਘਾਂ ਨੇ ਕਿਹਾ ਕਿ ਨਹੀਂ। ਜਦੋਂ ਇਹ ਸਾਰੀ ਗੱਲਬਾਤ ਸ੍ਰੀ ਸਤਿਗੁਰੂ ਜੀ ਨਾਲ ਲੋਪੋਕੀ ਦੇ ਮਿਹਰ ਸਿੰਘ ਅਤੇ ਝੰਡਾ ਸਿੰਘ ਕਰ ਰਹੇ ਸਨ। ਉਸ ਸਮੇਂ ਗੁਲਾਬ ਸਿੰਘ ਨੇੜੇ (ਗੁਲਾਬ ਸਿੰਘ ਪੁੱਤਰ ਫਤਹਿ ਸਿੰਘ ਉਮਰ 35 ਸਾਲ ਨਿਵਾਸੀ ਚੂੜਚੱਕ ਫਿਰੋਜ਼ਪੁਰ ਮਾਲਵਾ- ਗੁਲਾਬੂ ਦਾ ਕਈ ਵੇਰ ਮਰ੍ਹਾਣੇ ਆਉਣ ਜਾਣ ਵੀ ਹੁੰਦਾ) ਹੀ ਬੈਠਾ ਸੀ ਸਤਿਗੁਰੂ ਜੀ ਦੇ ਅਤੇ ਗੱਲਬਾਤ ਸੁਣ ਰਿਹਾ ਸੀ। ਗੁਲਾਬੂ ਇੱਕ ਸ਼ਰਧਾਲੂ ਦੇ ਰੂਪ ਵਿੱਚ ਸ੍ਰੀ ਭੈਣੀ ਸਾਹਿਬ ਵਿੱਚ ਸੰਗਤਾਂ ਦੇ ਨਾਲ ਸੀ ਅਤੇ ਪਤਾ ਨਹੀਂ ਕਿਉਂ ਉਹ ਸਤਿਗੁਰੂ ਜੀ ਦੇ ਅੱਤ ਨੇੜੇ ਬੈਠਾ ਸੀ? ਲੋਪੋਕਿਆਂ ਦੀ ਸਾਰੀ ਗੱਲ ਸੁਣ ਕੇ ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਪੁੱਛਿਆ ਸੀ ਕਿ ਸ਼ਹਿਰ ਅੰਮ੍ਰਿਤਸਰ ਦੇ ਜਾਂ ਹੋਰ ਨਾਮਧਾਰੀ ਸਿੱਖਾਂ ਦਾ ਕੀ ਵਿਚਾਰ ਸੀ। ਸਿੰਘਾਂ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਦੇ ਜਾਂ ਕਿਸੇ ਵੀ ਹੋਰ ਨਾਮਧਾਰੀ ਸਿੰਘ ਨਾਲ ਅਜੇ ਤੱਕ ਕੋਈ ਵਿਚਾਰ ਜਾਂ ਗੱਲ ਨਹੀਂ ਕੀਤੀ ਇਸ ਮਸਲੇ ਉੱਤੇ। ਇਸ ਤਰ੍ਹਾਂ ਸਾਰੀ ਗੱਲ ਸੁਣ ਕੇ ਸ੍ਰੀ ਸਤਿਗੁਰੂ ਜੀ ਨੇ ਮਿਹਰ ਸਿੰਘ ਅਤੇ ਝੰਡਾ ਸਿੰਘ ਨੂੰ ਕੋਈ ਆਗਿਆ ਨਹੀਂ ਦਿੱਤੀ ਅਤੇ ਫੇਰ ਲੋਪੋਕੀ ਦੇ ਦੋਵੇਂ ਨਾਮਧਾਰੀ ਸਿੰਘ ਵਾਪਸ ਚਲੇ ਗਏ।

ਗੁਲਾਬ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੋਲ ਬੈਠਾ ਹੋਇਆ ਸਾਰੀ ਗੱਲਬਾਤ ਬੜੇ ਹੀ ਧਿਆਨ ਨਾਲ ਸੁਣ ਰਿਹਾ ਸੀ। ਮਿਹਰ ਸਿੰਘ ਅਤੇ ਝੰਡਾ ਸਿੰਘ ਦੇ ਚਲੇ ਜਾਣ ਦੇ ਅਗਲੇ ਦਿਨ, ਜਦੋਂ ਸ੍ਰੀ ਸਤਿਗੁਰੂ ਜੀ ਅਜੇ ਮਲੇਰਕੋਟਲੇ ਵਿਖੇ ਹੀ ਸਨ, ਗੁਲਾਬ ਸਿੰਘ ਨੇ ਆਪ ਹੀ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਵੀ ਬੁੱਚੜਾਂ ਵਿਰੁੱਧ ਕਾਰਵਾਈ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ। ਉਹ ਭਲੀ ਭਾਂਤ ਜਾਣਦਾ ਸੀ ਕਿ ਸਤਿਗੁਰੂ ਜੀ ਨੇ ਲੋਪੋਕੇ ਦੇ ਸਿੰਘਾਂ ਨੂੰ ਬੁੱਚੜਾਂ ਵਿਰੁੱਧ ਕਿਸੇ ਵੀ ਕਾਰਵਾਈ ਲਈ ਮਨ੍ਹਾਂ ਕਰ ਦਿੱਤਾ ਸੀ ਫਿਰ ਵੀ ਉਸ ਨੇ ਅਰਜ਼ ਕੀਤੀ ਕਿ ਉਹ ਅੰਮ੍ਰਿਤਸਰ ਕਾਰਵਾਈ ਵਿੱਚ ਹਿੱਸਾ ਲੈਣ ਅਤੇ ਮਿਹਰ ਸਿੰਘ ਅਤੇ ਝੰਡਾ ਸਿੰਘ ਦੀ ਮਦਦ ਕਰਨਾ ਚਾਹੁੰਦਾ ਹੈ, ਪਰ ਸਤਿਗੁਰੂ ਜੀ ਨੇ ਉਸ ਨੂੰ ਵੀ ਮਨ੍ਹਾਂ ਕਰ ਦਿੱਤਾ, ਪਰ ਪਤਾ ਨਹੀਂ ਕਿਉਂ ਗੁਲਾਬੂ ਆਪ ਹੀ ਅੰਮ੍ਰਿਤਸਰ ਆ ਗਿਆ। ਗੁਲਾਬੂ ਤੇ ਪਹਿਲਾ ਸ਼ੱਕ ਇਹ ਉੱਠਦਾ ਹੈ ਜਦੋਂ ਉਹ ਅੰਮ੍ਰਿਤਸਰ ਦੇ ਕਿਸੇ ਵੀ ਨਾਮਧਾਰੀ ਸਿੰਘ ਨੂੰ ਜਾਂ ਮਿਹਰ ਸਿੰਘ ਅਤੇ ਝੰਡਾ ਸਿੰਘ ਨੂੰ ਨਹੀਂ ਜਾਣਦਾ ਅਤੇ ਨਾ ਹੀ ਉਸ ਨੂੰ ਐਸੇ ਕੰਮ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ, ਫਿਰ ਉਹ ਅੰਮ੍ਰਿਤਸਰ ਨੂੰ ਕਿਉਂ ਚਲਿਆ ਗਿਆ। ਕੀ ਮਨੋਰਥ ਸੀ ਉਸ ਦਾ ਇਸ ਪਿੱਛੇ?

ਗੁਲਾਬ ਸਿੰਘ ਅੰਮ੍ਰਿਤਸਰ ਆ ਗਿਆ ਪਰ ਉਹ ਕਿਸੇ ਵੀ ਨਾਮਧਾਰੀ ਨੂੰ ਨਹੀਂ ਸੀ ਜਾਣਦਾ। ਪੁੱਛਦੇ ਪੁਛਾਉਂਦੇ ਗੁਲਾਬੂ, ਫਤਿਹ ਸਿੰਘ ਭਾਟੜਾ ਦੀ ਦੁਕਾਨ ਤੇ ਪਹੁੰਚ ਗਿਆ ਅਤੇ ਉਸਨੇ ਫਤਿਹ ਸਿੰਘ ਕੋਲੋਂ ਮਿਹਰ ਸਿੰਘ ਅਤੇ ਝੰਡਾ ਸਿੰਘ ਬਾਰੇ ਪੁੱਛਿਆ। ਫਤਿਹ ਸਿੰਘ ਨਾਮਧਾਰੀ ਹੋਣ ਕਰਕੇ ਲੋਪੋਕਿਆਂ ਦੇ ਸਿੰਘਾਂ ਨੂੰ ਜਾਣਦਾ ਸੀ। ਉਸ ਨੇ ਗੁਲਾਬ ਸਿੰਘ

ਨੂੰ ਪਿੰਡ ਲੋਪੋਕੇ ਜਾਣ ਲਈ ਕਿਹਾ। ਹੁਣ ਗੁਲਾਬ ਸਿੰਘ ਪੁੱਛਦੇ ਪੁਛਾਂਦੇ ਲੋਪੋਕੀ ਪਹੁੰਚ ਗਿਆ ਅਤੇ ਮਿਹਰ ਸਿੰਘ ਅਤੇ ਝੰਡਾ ਸਿੰਘ ਬਾਰੇ ਪੁੱਛਿਆ। ਉਸ ਸਮੇਂ ਦੋਵੇਂ ਸਿੰਘ ਲੋਪੋਕੀ ਦੇ ਲਾਹੌਰ ਗਏ ਹੋਏ ਸਨ, ਸੂਬਾ ਲਾਹੌਰ ਰਾਜਾ ਸਿੰਘ ਤਰਾਂਡੀ ਕੋਲ। ਇਸ ਲਈ ਗੁਲਾਬ ਸਿੰਘ ਦੀ ਉਨ੍ਹਾਂ ਨਾਲ ਮੁਲਾਕਾਤ ਨਾ ਹੋ ਸਕੀ। ਗੁਲਾਬ ਸਿੰਘ ਨੇ ਸ਼ਾਮ ਤੱਕ ਉਡੀਕ ਕੀਤੀ ਅਤੇ ਜਦੋਂ ਲੋਪੋਕੀ ਦੇ ਸਿੰਘ ਪਿੰਡ ਆਏ ਤਾਂ ਗੁਲਾਬ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਗੁਰੂ ਰਾਮ ਸਿੰਘ ਜੀ ਨੇ ਬੁੱਚੜਾਂ ਨੂੰ ਮਾਰਨ ਦੀ ਆਗਿਆ ਦੇ ਦਿੱਤੀ ਹੈ ਅਤੇ ਉਸ ਨੂੰ ਲੋਪੋਕੀ ਦੇ ਸਿੰਘਾਂ ਦੀ ਮੱਦਦ ਲਈ ਭੇਜਿਆ ਹੈ। ਸਿੰਘਾਂ ਨੇ ਤਾਂ ਪਹਿਲੋਂ ਹੀ ਬੁੱਚੜਾਂ ਵਿਰੁੱਧ ਕਾਰਵਾਈ ਕਰਨ ਦਾ ਕੱਚਾ-ਪੱਕਾ ਮਨ ਬਣਾਇਆ ਹੋਇਆ ਸੀ ਪਰ ਕਿਸੇ ਨਿਰਣੇ ਤੇ ਨਹੀਂ ਸਨ ਪੁੱਜੇ, ਹੁਣ ਗੁਲਾਬ ਸਿੰਘ ਦੀ ਹੱਲਾਸ਼ੇਰੀ ਦੇਣ ਕਰਕੇ ਉਹ ਬੁੱਚੜਾਂ ਵਿਰੁੱਧ ਕਾਰਵਾਈ ਲਈ ਤਿਆਰ ਹੋ ਗਏ।

ਸਿਰਫ ਏਨ੍ਹਾਂ ਹੀ ਨਹੀਂ ਦੂਸਰੇ ਸਿੰਘਾਂ ਨੂੰ ਵੀ ਗੁਲਾਬ ਸਿੰਘ, ਸਤਿਗੁਰੂ ਜੀ ਦੇ ਹੁਕਮ ਦਾ ਸੁਣਾ ਕੇ ਕਹਿੰਦਾ ਰਿਹਾ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਬੁੱਚੜਾਂ ਨੂੰ ਮਾਰਨ ਲਈ ਇਜਾਜ਼ਤ ਦਿੱਤੀ ਹੈ। ਲਹਿਣਾ ਸਿੰਘ ਤਰਖਾਣ ਨੇ ਆਪਣੀ ਗਵਾਹੀ ਵਿਚ ਦੱਸਿਆ ਸੀ ਕਿ ਉਸ ਨੂੰ ਗੁਲਾਬ ਸਿੰਘ ਨੇ ਕਿਹਾ ਕਿ ਗੁਰੂ ਰਾਮ ਸਿੰਘ ਜੀ ਨੇ ਬੁੱਚੜਾਂ ਨੂੰ ਮਾਰਨ ਦੀ ਇਜਾਜ਼ਤ ਦੇ ਦਿੱਤੀ ਹੈ। ਫਾਈਲ ਵਿੱਚ ਦਰਜ਼ ਹੈ- Lehna Singh says he was told by Gulab Singh that Guru Ram Singh has directed the murder of butchers. ਬੁੱਚੜ ਬੱਧ ਦੀ ਘਟਨਾ ਤੋਂ ਚਾਰ ਪੰਜ ਦਿਨ ਪਹਿਲਾਂ ਬੀਲ੍ਹਾ ਸਿੰਘ ਨੂੰ ਗੁਲਾਬ ਸਿੰਘ ਸ੍ਰੀ ਦਰਬਾਰ ਸਾਹਿਬ ਵਿਖੇ ਮਿਲਿਆ। ਬੀਲ੍ਹਾ ਸਿੰਘ ਹਾੜ੍ਹ ਦੀ ਸੰਗਰਾਂਦ, ਐਤਵਾਰ ਨੂੰ ਸ੍ਰੀ ਦਰਬਾਰ ਸਾਹਿਬ ਦਰਸ਼ਨ ਇਸ਼ਨਾਨ ਲਈ ਆਇਆ ਸੀ। ਉਸ ਨੂੰ ਵੀ ਗੁਲਾਬ ਸਿੰਘ ਨੇ ਦੱਸਿਆ ਸੀ ਕਿ ਬੁੱਚੜਾਂ ਨੂੰ ਮਾਰਨ ਲਈ ਗੁਰੂ ਸਾਹਿਬ ਦਾ ਹੁਕਮ ਆ ਗਿਆ ਹੈ। ਬੀਲ੍ਹਾ ਸਿੰਘ ਦੀ ਗਵਾਹੀ ਦੇ ਸ਼ਬਦ ਇਸ ਤਰ੍ਹਾਂ ਦਰਜ ਹਨ- I came to Amritsar for the Har sangrand to bath. It was sunday. I met Gulab Singh at the Durbar Sahib. He said orders had been received for to kill the butchers.

ਘਟਨਾ ਤੋਂ ਕੁਝ ਦਿਨ ਪਹਿਲਾਂ ਜਦੋਂ ਝੰਡਾ ਸਿੰਘ ਅੰਮ੍ਰਿਤਸਰ ਫ਼ਤਹਿ ਸਿੰਘ ਦੀ ਦੁਕਾਨ ਤੇ ਗਿਆ ਸੀ ਤਾਂ ਫਤਿਹ ਸਿੰਘ ਨੇ ਝੰਡਾ ਸਿੰਘ ਨੂੰ ਦੱਸਿਆ ਸੀ ਕਿ ਗੁਲਾਬ ਸਿੰਘ ਗੁਰੂ ਜੀ ਦਾ ਹੁਕਮ ਲੈ ਕੇ ਆਇਆ ਸੀ ਕਿ ਬੁੱਚੜਾਂ ਨੂੰ ਮਾਰੋ Gulab Singh had brought a message from the Guru (Ram Singh) saying that they were to kill the butchers and asked him (Fateh Singh) to join. ਗੱਲ ਕੀ ਹੋਰ ਵੀ ਕਈ ਗਵਾਹੀਆਂ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਕਈ ਨਾਮਧਾਰੀ ਸਿੰਘਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਬੁੱਚੜਾਂ ਨੂੰ ਮਾਰਨ ਦਾ ਹੁਕਮ ਦੱਸ ਕੇ ਗੁਲਾਬ ਸਿੰਘ ਨੇ ਲੜਾਈ ਦਾ ਵਾਤਾਵਰਨ ਬਣਾਇਆ ਅਤੇ ਹੱਲਾਸ਼ੇਰੀ ਦਿੱਤੀ ਸੀ।

ਅਗਲੀ ਗੱਲ ਬੁੱਚੜਾਂ ਵਿਰੁੱਧ ਕਾਰਵਾਈ ਕਰਨ ਦਾ ਵਾਤਾਵਰਨ ਬਣ ਗਿਆ ਸੀ। ਸਾਰੀ ਸਕੀਮ ਲੋਪੋਕਿਆਂ ਨੇ ਲਾਹੌਰ ਦੇ ਸੂਬਾ ਰਾਜਾ ਸਿੰਘ ਤਰਾਂਡੀ ਅਤੇ ਕੁਛ ਹੋਰ ਨਾਮਧਾਰੀ ਸਿੰਘਾਂ ਨਾਲ ਮਿਲ ਕੇ ਬਣਾਈ ਪਰ ਸ਼ਹਿਰ ਅੰਮ੍ਰਿਤਸਰ ਦੇ ਕਿਸੇ ਵੀ ਨਾਮਧਾਰੀ ਨਾਲ ਸਲਾਹ ਨਹੀਂ ਕੀਤੀ। ਨਾ ਹੀ ਸੂਬਾ ਰੂੜ ਸਿੰਘ ਨਾਲ ਅਤੇ ਨਾ ਹੀ ਪ੍ਰਧਾਨ ਲਹਿਣਾ ਸਿੰਘ ਮਿਸਤਰੀ ਨਾਲ। ਇੱਥੇ ਤੱਕ ਕਿ ਜਦੋਂ ਚੌਥੀ ਵਾਰੀ ਕਾਰਵਾਈ ਕਰਨੀ ਸੀ ਉਸ ਦਿਨ ਸਵੇਰੇ ਲਹਿਣਾ ਸਿੰਘ ਮਿਸਤਰੀ ਦੇ ਘਰ ਸਫਲਤਾ ਦੀ ਅਰਦਾਸ ਲਈ ਹਵਨ ਕੀਤਾ ਗਿਆ ਸੀ। ਉਸ ਨੂੰ ਵੀ ਕਾਰਵਾਈ ਦਾ ਪੂਰਾ ਸੱਚ ਨਹੀਂ ਸੀ ਦੱਸਿਆ ਗਿਆ ਅਤੇ ਜਦੋਂ ਸੂਬਾ ਰੂੜ ਸਿੰਘ ਹਵਨ ਤੋਂ ਬਾਅਦ ਲਹਿਣਾ ਸਿੰਘ ਦੇ ਘਰ ਪੁੱਜਾ ਸੀ ਉਸ ਨੂੰ ਵੀ ਅਸਲ ਮਨੋਰਥ ਬਾਰੇ ਕੁਝ ਨਹੀਂ ਸੀ ਦੱਸਿਆ ਗਿਆ। ਖੈਰ ਅਗਲੀ ਗੱਲ ਇਹ ਹੈ ਕਿ ਬੁੱਚੜਾਂ ਵਿਰੁੱਧ ਕਾਰਵਾਈ ਕਰਨ ਦਾ ਮਨੋਰਥ ਪੂਰਾ ਹੋ ਗਿਆ ਅਤੇ ਬੁੱਚੜ ਬੱਧ ਤੋਂ ਬਾਅਦ ਸਾਰੇ ਸਿੰਘ ਖਿੱਲਰ ਗਏ। ਕੋਈ ਘਰ ਚਲਾ ਗਿਆ, ਕੋਈ ਕਾਬਲ ਵੱਲ ਚਲਾ ਗਿਆ, ਗੁਲਾਬ ਸਿੰਘ ਕਾਰਵਾਈ ਵਿੱਚ ਹਿੱਸਾ ਲੈਣ ਵਾਲੇ ਸਹਿਯੋਗੀਆਂ ਲਛਮਨ ਸਿੰਘ, ਭਗਵਾਨ ਸਿੰਘ ਅਤੇ ਜਵਾਹਰ ਸਿੰਘ ਨਾਲ ਮਾਲਵੇ ਨੂੰ ਨਿਕਲ ਗਏ।

ਗੁਲਾਬ ਸਿੰਘ ਦਾ ਪਹਿਲਾ ਮਨੋਰਥ ਪੂਰਾ ਹੋਇਆ ਜਿਸ ਲਈ ਉਸ ਨੇ ਰੱਜ ਕੇ ਝੂਠ ਬੋਲਿਆ ਸੀ ਸਤਿਗੁਰੂ ਜੀ ਦੇ ਨਾਂ ਤੇ ਅਤੇ ਖੂਬ ਮਿਹਨਤ ਕੀਤੀ ਸੀ ਕਿ ਕਿਸੇ ਤਰ੍ਹਾਂ ਵੀ ਬੁੱਚੜਾਂ ਵਿਰੁੱਧ ਕਾਰਵਾਈ ਢਿੱਲੀ ਨਾ ਪੈ ਜਾਵੇ। ਜਦੋਂ ਗਊ ਘਾਤਕਾਂ ਵਿਰੁੱਧ ਪਹਿਲੀ ਕਾਰਵਾਈ ਕਰਨੀ ਸੀ ਪਰ ਇਹ

ਕਾਰਵਾਈ ਚਾਨਣੀ ਰਾਤ ਹੋਣ ਕਰਕੇ 14 ਕੁ ਦਿਨਾਂ ਲਈ ਹਨੇਰਾ ਪੱਖ ਹੋਣ ਤੱਕ ਮੁਲਤਵੀ ਕੀਤੀ ਗਈ ਸੀ, ਹਿੱਸਾ ਲੈਣ ਵਾਲੇ ਸਾਰੇ ਕੂਕੇ ਸਿੰਘ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਸਨ। ਗੁਲਾਬੂ ਵੀ ਮਰ੍ਹਾਣੇ ਪਿੰਡ ਚਲਾ ਗਿਆ, ਪਰ ਛੇਤੀ ਹੀ ਵਾਪਸ ਅੰਮ੍ਰਿਤਸਰ ਆ ਗਿਆ। ਉਸ ਨੂੰ ਸਜ਼ਾ ਦਾ ਕੋਈ ਖ਼ੌਫ਼ ਨਹੀਂ ਸੀ। ਅਸੀਂ ਵੇਖਦੇ ਹਾਂ ਕਿ ਦੂਸਰੀ, ਤੀਸਰੀ ਅਤੇ ਚੌਥੀ ਕਾਰਵਾਈ ਸਮੇਂ ਕਈ ਕੂਕੇ ਸਿੰਘ ਬਦਲਦੇ ਗਏ ਕਈ ਨਵੇਂ ਸ਼ਾਮਿਲ ਹੋ ਗਏ, ਪਰ ਦੂਰੋਂ ਆ ਕੇ ਵੀ ਗੁਲਾਬੂ ਹਰ ਕਾਰਵਾਈ ਸਮੇਂ ਸ਼ਾਮਲ ਰਿਹਾ ਸੀ। ਇਹ ਅਨੋਖੀ, ਮਹੱਤਵਪੂਰਨ ਅਤੇ ਖਾਸ ਗੱਲ ਸੀ। ਉਹ ਬੁੱਚੜਾਂ ਵਿਰੁੱਧ ਕਾਰਵਾਈ ਲਈ ਇਨ੍ਹਾਂ ਉਤਾਵਲਾ ਕਿਉਂ ਸੀ? ਇਹ ਸਮਝਣ ਦਾ ਯਤਨ ਕੀਤਾ ਜਾਣਾ ਚਾਹੀਦਾ ਹੈ। ਪਹਿਲੀ ਵਾਰੀ ਜਦੋਂ 14 ਦਿਨਾਂ ਲਈ ਕਾਰਵਾਈ ਅੱਗੇ ਪਾ ਦਿੱਤੀ ਸੀ ਤੇ ਉਹ ਮਰ੍ਹਾਣੇ ਚਲਾ ਗਿਆ ਸੀ, ਫਿਰ ਉਸ ਨੂੰ ਵਾਪਸ ਆਉਣ ਦੀ ਕੀ ਲੋੜ ਸੀ, ਉਹ ਕੋਈ ਮੁੱਖ ਪਾਤਰ ਜਾਂ ਸਲਾਹਕਾਰ ਨਹੀਂ ਸੀ ਅਤੇ ਨਾ ਹੀ ਅੰਮ੍ਰਿਤਸਰ ਸ਼ਹਿਰ ਨਾਲ ਉਸ ਦਾ ਕੋਈ ਵਾਸਤਾ ਸੀ, ਫਿਰ ਕਿਸ ਕਰਕੇ ਗੁਲਾਬ ਸਿੰਘ ਮੁੜ ਸਿੰਘਾਂ ਵਿੱਚ ਸ਼ਾਮਲ ਹੋਇਆ। ਇੰਨਾ ਚਾਅ ਉਸਨੂੰ ਕਿਉਂ ਸੀ? ਇਸ ਬਾਰੇ ਕਿਸੇ ਲੇਖਕ ਨੇ, ਕਿਸੇ ਵਿਦਵਾਨ ਨੇ ਘੋਖ ਕਰਨ ਦੀ ਲੋੜ ਨਹੀਂ ਸਮਝੀ ਅਤੇ ਨਾ ਹੀ ਇਸ ਪਿੱਛੇ ਦੇ ਮਨੋਰਥ ਬਾਰੇ।

ਮਾਲਵੇ ਵਿੱਚ ਆ ਕੇ ਗੁਲਾਬ ਸਿੰਘ ਖੁੱਡੀਂ (Khudi) ਆ ਗਿਆ ਅਤੇ ਅੰਮ੍ਰਿਤਸਰ ਦੀ ਘਟਨਾ ਤੋਂ ਪੰਜਵੇਂ ਦਿਨ ਉਹ ਗਿਆਨੀ ਸਿੰਘ ਨੂੰ ਉਗਰਾਹੀ ਕਰਨ ਦੇ ਬਹਾਨੇ ਮਿਲਿਆ ਅਤੇ ਛੇਤੀ ਹੀ ਉਹ ਆਪਣੇ ਰੰਗ ਵਿੱਚ ਆ ਗਿਆ। ਗੁਲਾਬ ਸਿੰਘ ਨੇ ਹੀ ਗਿਆਨੀ ਸਿੰਘ ਨੂੰ ਦੱਸਿਆ ਕਿ ਉਹ ਰਾਏਕੋਟ ਨਗਰ ਦੇ ਬਾਹਰ ਬੁੱਚੜਖਾਨੇ ਤੇ ਹਮਲਾ ਕਰਨਾ ਚਾਹੁੰਦੇ ਹਨ। ਜੋ ਉਸ ਇਲਾਕੇ ਤੋਂ ਸ੍ਰੀ ਭੈਣੀ ਸਾਹਿਬ ਜਾਂਦੇ ਰਸਤੇ ਵਿੱਚ ਆਵਾਜਾਈ ਤੋਂ ਬਾਹਰ ਵਾਰ ਸੀ। ਗਿਆਨੀ ਸਿੰਘ, ਗੁਲਾਬ ਸਿੰਘ ਦੀਆਂ ਗੱਲਾਂ ਵਿੱਚ ਆ ਗਿਆ ਅਤੇ ਉਸ ਨੇ ਗੁਲਾਬ ਸਿੰਘ ਨੂੰ ਸ਼ਸਤ੍ਰਾਂ ਅਤੇ ਆਦਮੀਆਂ ਨਾਲ ਮਦਦ ਕਰਨ ਦਾ ਭਰੋਸਾ ਦਿੱਤਾ। ਲੰਮੀ ਗੱਲ ਨਾ ਕਰਦੇ ਹੋਏ ਅਖੀਰਲੀ ਗੱਲ ਤੇ ਆਉਂਦੇ ਹਾਂ ਕਿ ਸ੍ਰੀ ਅੰਮ੍ਰਿਤਸਰ ਵਾਂਗੂੰ ਰਾਏਕੋਟ ਤੇ ਹੀ ਹਮਲਾ ਹੋਇਆ। ਇਸ ਘਟਨਾ ਦੇ ਨਤੀਜੇ ਵਜੋਂ ਜੋ ਕੂਕੇ ਪਕੜੇ ਗਏ ਉਨ੍ਹਾਂ ਚੋਂ 4 ਕੂਕਿਆਂ ਗੁਲਾਬ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਰਮੁਖ ਤੇ ਬੱਸੀਆਂ ਕੋਠੀ ਵਿਖੇ ਮੁਕੱਦਮਾ ਚਲਾਇਆ ਗਿਆ। ਮੁਕੱਦਮੇ ਦੇ ਅਖੀਰ ਵਿੱਚ 28 ਜੁਲਾਈ ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਗਵਾਹੀ ਲਈ ਬੱਸੀਆਂ ਬੁਲਾਇਆ ਗਿਆ ਸੀ। ਜਦੋਂ ਚਾਰੋਂ ਕੂਕਿਆਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਤਾਂ ਗੁਲਾਬ ਸਿੰਘ ਸਰਕਾਰੀ ਰਿਪੋਰਟ ਅਨੁਸਾਰ ਇਸ ਸ਼ਰਤ ਤੇ ਵਾਅਦਾ ਮੁਆਫ਼ ਗੁਆਹ ਬਣ ਗਿਆ ਕਿ ਉਹ ਅੰਮ੍ਰਿਤਸਰ ਬੁੱਚੜ ਕਤਲ ਕੇਸ ਦੇ ਦੋਸ਼ੀਆਂ ਬਾਰੇ ਸਰਕਾਰ ਨੂੰ ਪੂਰੀ ਜਾਣਕਾਰੀ ਦੇਵੇਗਾ। ਜਾਸੂਸ ਕ੍ਰਿਸਟੀ ਗੁਲਾਬ ਸਿੰਘ ਨੂੰ ਲੈ ਕੇ ਅੰਮ੍ਰਿਤਸਰ ਆ ਗਿਆ 2 ਅਗਸਤ ਨੂੰ।

ਗੁਲਾਬ ਸਿੰਘ ਦੇ ਵਾਅਦਾ ਮੁਆਫ ਗਵਾਹ ਬਣਨ ਅਤੇ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਹੀ ਅੰਮ੍ਰਿਤਸਰ ਕਾਰਵਾਈ ਕਰਨ ਵਾਲੇ ਸਿੰਘ 23 ਜੁਲਾਈ ਨੂੰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਸਨ। 23 ਜੁਲਾਈ ਨੂੰ ਸ੍ਰੀ ਭੈਣੀ ਸਾਹਿਬ ਵੱਡਾ ਇਕੱਠ ਹੋਇਆ ਸੀ। ਉਸ ਤੋਂ ਪਹਿਲਾਂ ਰਾਏਕੋਟ ਦੀ ਘਟਨਾ ਵਾਪਰ ਚੁੱਕੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਨ੍ਹਾਂ ਸਿੰਘਾਂ ਨੂੰ ਅੰਮ੍ਰਿਤਸਰ ਕੇਸ ਦੇ ਹਾਲਾਤ ਬਾਰੇ ਪੁੱਛਿਆ। ਕੂਕੇ ਸਿੰਘਾਂ ਨੇ ਸੱਚ ਦੱਸ ਦਿੱਤਾ ਕਿ ਕਾਰਾ ਤਾਂ ਉਨ੍ਹਾਂ ਨੇ ਕੀਤਾ ਸੀ ਪਰ ਸਰਕਾਰ ਨੂੰ ਕੁਝ ਵੀ ਪਤਾ ਨਹੀਂ ਲੱਗਾ ਅਤੇ ਸਰਕਾਰ ਨੇ 12 ਨਿਰਦੋਸ਼ਾਂ ਤੇ ਜ਼ੁਲਮ ਕਰਕੇ ਦੋਸ਼ ਮੰਨਵਾ ਲਿਆ ਹੈ ਅਤੇ ਮੁਕੱਦਮਾ ਸੈਸ਼ਨ ਦੇ ਜਾਣ ਲਈ ਤਿਆਰ ਹੋ ਰਿਹਾ ਹੈ। ਇਹ ਸਭ ਸੁਣ ਕੇ ਸਰਬੱਤ ਦਾ ਭਲਾ ਮੰਗਣ ਵਾਲੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਕਰਨ ਆਏ ਸਿੰਘਾਂ ਨੂੰ ਬਚਨ ਕੀਤਾ ਕਿ ਕਾਰਾ ਤੁਸੀਂ ਕੀਤਾ ਹੈ, ਪਕੜੇ ਨਿਰਦੋਸ਼ ਗਏ ਹਨ। ਕੱਲ ਜਦੋਂ ਉਨ੍ਹਾਂ ਨੂੰ ਫਾਂਸੀ ਲੱਗ ਗਈ ਤਾਂ ਉਨ੍ਹਾਂ ਦੀ ਹੀ ਜੈ ਜੈ ਕਾਰ ਹੋਵੇਗੀ, ਤੁਹਾਡੀ ਕੀਤੀ ਮਿਹਨਤ ਬਾਰੇ ਕਿਸੇ ਨੂੰ ਨਹੀਂ ਪਤਾ ਲੱਗਣਾ। ਮਿਹਨਤ ਤੁਸੀਂ ਕਰੋ ਤੇ ਫਲ ਕੋਈ ਹੋਰ ਲੈ ਜਾਵੇ ਇਹ ਠੀਕ ਨਹੀਂ। ਗਊਆਂ ਨੂੰ ਛੁਡਵਾਉਣ ਦਾ ਪੁੰਨ ਕਰਕੇ ਨਿਰਦੋਸ਼ਾਂ ਨੂੰ ਫਾਹੇ ਲਗਵਾਉਣ ਦਾ ਪਾਪ ਤੁਹਾਡੇ ਸਿਰ ਹੋਵੇਗਾ। ਤਾਂ ਤੇ ਤੁਸੀਂ ਆਪ ਜਾ ਕੇ ਇਕਬਾਲੀ ਹੋਵੋ ਅਤੇ ਬੇਦੋਸ਼ਿਆਂ ਨੂੰ ਛੁਡਾਓ। ਗੁਰੂ ਕੇ ਲਾਲਾਂ ਨੇ ਸਤਿਗੁਰੂ ਜੀ ਨੂੰ ਸੱਤ ਬਚਨ ਕੀਤਾ ਅਤੇ ਅੰਮ੍ਰਿਤਸਰ ਆ ਕੇ ਕਚਹਿਰੀ ਵਿੱਚ ਜਾ ਕੇ ਇਕਬਾਲੀ ਹੋ ਗਏ ਕਿ ਬੁੱਚੜਾਂ ਦੇ ਕਤਲ ਉਨ੍ਹਾਂ ਨੇ ਕੀਤੇ ਸਨ। ਕਚਹਿਰੀ ਵਾਲੇ ਹੈਰਾਨ ਸਨ

ਕਿਉਂਕਿ ਫਾਈਲਾਂ ਦਾ ਢਿੱਡ ਤਾਂ ਭਰ ਚੁੱਕਾ ਸੀ ਸਾਰੀ ਤਫਤੀਸ਼ ਪੂਰੀ ਕਰ ਲਈ ਗਈ ਸੀ, ਝੂਠੀ ਸੱਚੀ ਹਥਿਆਰਾਂ ਦੀ ਬਰਾਮਦੀ ਦਰਜ ਕਰ ਲਈ ਗਈ ਸੀ। ਮੁਕੱਦਮਾ ਸੈਸ਼ਨ ਨੂੰ ਜਾਣ ਲਈ ਪੂਰੀ ਤਰ੍ਹਾਂ ਤਿਆਰ ਸੀ ਪਰ ਹੁਣ ਕੂਕੇ ਸਿੰਘਾਂ ਦੇ ਆਪੂੰ ਇਕਬਾਲੀ ਹੋਣ ਬਾਰੇ ਕੀ ਕਰਦੇ ਫਾਈਲਾਂ ਵਿੱਚ ਵੀ ਦਰਜ਼ ਨਹੀਂ ਸਨ ਕਰ ਸਕਦੇ ਜਿਨ੍ਹਾਂ ਚਿਰ ਕੋਈ ਠੋਸ ਪ੍ਰਮਾਣ ਨਾ ਮਿਲਦੇ। ਕੂਕੇ ਸਿੰਘਾਂ ਨੇ ਹਥਿਆਰ ਅਤੇ ਥਾਵਾਂ ਵੀ ਦੱਸ ਦਿੱਤੀਆਂ ਸਨ। ਜਾਸੂਸ ਕ੍ਰਿਸਟੀ ਲੁਧਿਆਣੇ ਗਿਆ ਹੋਇਆ ਸੀ ਰਾਏਕੋਟ ਕੇਸ ਬਾਰੇ, ਉਸ ਕੋਲ ਹੀ ਸਾਰੇ ਮੁਕੱਦਮੇ ਦੀ ਕਮਾਨ ਸੀ। ਇਸ ਲਈ ਕੂਕੇ ਸਿੰਘਾਂ ਦੇ ਇਕਬਾਲੀ ਹੋਣ ਬਾਅਦ ਵੀ ਪੁਲਿਸ ਨੇ ਕੋਈ ਰਿਪੋਰਟ ਦਰਜ ਨਾ ਕੀਤੀ ਪਰ ਹਿਰਾਸਤ ਵਿੱਚ ਰੱਖਿਆ ਛੇਤੀ ਹੀ ਸਾਰੇ ਹਾਲਾਤ ਬਦਲ ਗਏ।

ਰਾਏਕੋਟ ਕੇਸ ਦਾ ਫੈਸਲਾ ਹੋ ਗਿਆ ਅਤੇ ਚਾਰ ਸਿੰਘਾਂ ਚੋਂ ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ ਇੱਕ ਦੋਸ਼ੀ ਗੁਲਾਬ ਸਿੰਘ ਨੇ ਅੰਮ੍ਰਿਤਸਰ ਬੁੱਚੜ ਬੱਧ ਕੇਸ ਬਾਰੇ ਪੂਰੀ ਜਾਣਕਾਰੀ ਦੇਣ ਦੀ ਅਤੇ ਬਦਲੇ ਵਿੱਚ ਵਾਅਦਾ ਮੁਆਫ਼ ਬਣਨ ਦੀ ਪੇਸ਼ਕਸ਼ ਕੀਤੀ। ਪੁਲਿਸ ਕਪਤਾਨ ਕ੍ਰਿਸਟੀ ਅਜੇ ਲੁਧਿਆਣੇ ਹੀ ਸੀ। ਉਸ ਨੂੰ ਚਾਅ ਚੜ੍ਹ ਗਿਆ ਅਤੇ ਗੁਲਾਬ ਸਿੰਘ ਦੀ ਪੇਸ਼ਕਸ਼ ਮੰਨ ਕੇ ਉਸ ਨੂੰ ਅੰਮ੍ਰਿਤਸਰ ਲੈ ਕੇ ਆਇਆ।

ਹੁਣ ਅਗਲੀ ਪੁਲਸੀਆ ਖੇਡ ਸ਼ੁਰੂ ਹੁੰਦੀ ਹੈ। 25 ਜੁਲਾਈ 1871 ਨੂੰ ਅੰਮ੍ਰਿਤਸਰ ਕੇਸ ਬਾਰੇ ਪਕੜੇ ਗਏ ਨਿਰਦੋਸ਼ਾਂ ਦਾ ਮੁਕੱਦਮਾ ਚਲ ਰਿਹਾ ਸੀ। 26 ਜੁਲਾਈ 1871 ਈ. ਨੂੰ ਡੀ.ਸੀ. ਅੰਮ੍ਰਿਤਸਰ ਨੇ ਪੱਤਰ ਲਿਖ ਕੇ ਸੈਸ਼ਨ ਨੂੰ ਕਾਰਵਾਈ ਕਰਨ ਨੂੰ ਕਿਹਾ। ਪਰ ਕੋਈ ਕਾਰਵਾਈ ਅੱਗੇ ਨਾ ਤੋਰੀ ਗਈ। 28 ਜੁਲਾਈ ਨੂੰ ਰਾਏਕੋਟ ਕੇਸ ਦਾ ਨਿਰਨਾ ਹੋਇਆ ਅਤੇ ਚਾਰੋਂ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਈ। ਇਸ ਤੋਂ ਬਾਅਦ ਹੀ ਗੁਲਾਬ ਸਿੰਘ ਵਾਅਦਾ ਮੁਆਫ਼ ਗਵਾਹ ਬਣਿਆ ਸੀ। 2 ਅਗਸਤ ਨੂੰ ਕ੍ਰਿਸਟੀ ਗੁਲਾਬ ਸਿੰਘ ਨੂੰ ਨਾਲ ਲੈ ਕੇ ਅੰਮ੍ਰਿਤਸਰ ਆ ਗਿਆ। ਇੱਥੇ ਸਵਾਲ ਉੱਠਦਾ ਹੈ ਕਿ 25 ਜੁਲਾਈ ਤੋਂ ਬਾਅਦ ਸੈਸ਼ਨ ਕੋਰਟ ਵਾਲਾ ਮੁਕੱਦਮਾ ਕਿਉਂ ਲਟਕਾਇਆ ਗਿਆ? ਕੀ ਕਾਰਨ ਸੀ, ਕਾਰਵਾਈ ਅੱਗੇ ਨਹੀਂ ਵਧੀ। ਇਹ ਇੱਕ ਭੇਦ ਭਰੀ ਗੱਲ ਸੀ।

2 ਅਗਸਤ 1871 ਨੂੰ ਕ੍ਰਿਸਟੀ ਗੁਲਾਬ ਸਿੰਘ ਨੂੰ ਲੈ ਕੇ ਅੰਮ੍ਰਿਤਸਰ ਆ ਗਿਆ ਸੀ ਪਰ ਇਸ ਤੋਂ ਪਹਿਲਾਂ ਹੀ ਕੂਕੇ ਸਿੰਘ ਕਚਹਿਰੀ ਵਿੱਚ ਹਾਜ਼ਰ ਹੋ ਕੇ ਮੁਕੱਦਮੇ ਨਾਲ ਸਬੰਧਿਤ ਥਾਵਾਂ ਦਿਖਾ ਅਤੇ ਹਥਿਆਰ ਬਰਾਮਦ ਕਰਵਾ ਚੁੱਕੇ ਸਨ। ਪਰ ਇਹ ਸਾਰੀਆਂ ਗੱਲਾਂ ਫਾਈਲਾਂ ਵਿੱਚ ਤਾਂ ਨਹੀਂ ਸੀ ਲਿਖੀਆਂ ਜਾ ਸਕਦੀਆਂ। ਹੁਣ ਕ੍ਰਿਸਟੀ ਕੂਕੇ ਸਿੰਘ ਅਤੇ ਗੁਲਾਬੂ ਨੂੰ ਲੈ ਕੇ ਸਾਰੀਆਂ ਥਾਵਾਂ ਤੇ ਗਿਆ ਅਤੇ ਫਾਈਲਾਂ ਦਾ ਢਿੱਡ ਇਸ ਤਰੀਕੇ ਨਾਲ ਭਰਿਆ ਕਿ ਸਭ ਕੁਝ ਵਾਅਦਾ ਮੁਆਫ਼ ਗਵਾਹ ਗੁਲਾਬ ਸਿੰਘ ਦੇ ਦੱਸਣ ਤੇ ਹੋਇਆ ਸੀ। ਪੁਲਿਸ ਇਸ ਤਰ੍ਹਾਂ ਕਰਦੀ ਹੀ ਹੈ। ਇਹ ਦੱਸ ਕੇ ਕਿ ਕੂਕੇ ਸਿੰਘ ਆਪ ਆ ਕਚਹਿਰੀ ਵਿੱਚ ਪੇਸ਼ ਹੋਏ ਸਨ ਅਦਾਲਤੀ ਆਪਣੀ ਬੇਇਜਤੀ ਨਹੀਂ ਸਨ ਕਰਵਾ ਸਕਦੇ। ਸਗੋਂ ਇਸ ਤਰ੍ਹਾਂ ਪੜਤਾਲ ਦਿਖਾਈ ਗਈ ਕਿ ਕ੍ਰਿਸਟੀ ਨੇ ਬੜੀ ਮਿਹਨਤ ਨਾਲ ਅਤੇ ਗੁਲਾਬ ਸਿੰਘ ਦੇ ਦੱਸਣ ਤੇ ਹੀ ਕੂਕੇ ਸਿੰਘਾਂ ਨੂੰ ਪਕੜਿਆ ਸੀ। ਅੰਮ੍ਰਿਤਸਰ ਮੁਕੱਦਮੇ ਵਿੱਚ ਇਸੇ ਤਰ੍ਹਾਂ ਹੀ ਲਿਖਿਆ ਗਿਆ ਸੀ ਅਤੇ ਸਬੰਧਤ ਗਵਾਹੀਆਂ ਵਿੱਚ ਭਾਵੇਂ ਸਿੰਘ ਕੁਝ ਵੀ ਬਿਆਨ ਦੇ ਰਹੇ ਸੀ ਪਰ ਪੁਲਿਸ ਆਪਣ ਮਰਜੀ ਮੁਤਾਬਕ ਮਿਸਲ ਲਿਖੀ ਗਈ। ਉਸ ਵਕਤ ਕੌਣ ਦੇਖਦਾ ਜਾਂ ਦਿਖਾਲਦਾ ਸੀ ਕਿ ਗੁਆਹੀਆਂ ਵਿੱਚ ਕੀ ਲਿਖਿਆ ਗਿਆ ਸੀ। ਅਖੀਰਲੀ ਗੱਲ ਸੀ ਕਿ 4 ਸਿੰਘਾਂ ਨੂੰ ਫਾਂਸੀ ਅਤੇ 2 ਨੂੰ ਕਾਲੇ ਪਾਣੀ ਦੀ ਸਜ਼ਾ ਦੇ ਦਿੱਤੀ ਗਈ। 12 ਨਿਰਦੋਸ਼ ਛੱਡ ਦਿੱਤੇ ਗਏ ਸਨ ਅਤੇ ਗੁਲਾਬ ਸਿੰਘ ਗੁਲਾਬੂ ਵੀ ਛੱਡ ਦਿੱਤਾ ਗਿਆ। ਇਸ ਸ਼ਹੀਦੀ ਸਾਕੇ ਬਾਰੇ ਸਮਕਾਲੀ ਸਿੱਖ-ਇਤਿਹਾਸ ਗਿਆਨੀ ਗਿਆਨ ਸਿੰਘ ਜੀ ਉਸ ਸਮੇਤ ਦੇ ਹਾਲਾਤ ਬਾਰੇ ਅਤੇ ਨਾਮਧਾਰੀ ਸਿੰਘਾਂ ਦੀ ਸ਼ਹਾਦਤ ਬਾਰੇ ਸਪਸ਼ਟ ਕਰਦੇ ਹਨ:

ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ,
ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ।
ਸੰਮਤ ਉਨੀ ਸੌ ਬੀਸ ਤੀਸ ਕੇ ਵਖਤ ਮਧ,
ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ।
ਦੇਖਿ ਦੇਖ ਸਭ ਹੋਹਿ ਦੁਖਜਾਰੇ ਭਾਰੇ,
ਚਾਰਾ ਜੋਰ ਸਰਕਾਰ ਸੰਗ ਕੋਊ ਨਾ ਬਨੇ।
ਹਿੰਮਤ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ,
ਬੁੱਚੜ ਬਿਦਾਰੇ ਹਤਜਾਰੇ ਬਹੁ ਠੌਰ ਪੈ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ,
ਅੰਗਰੇਜੋਂ ਗਹਿ ਕੈ ਦੁਖਜਾਰੇ ਕੀਨੇ ਗੌਰ ਪੈ।
ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ,
ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।
ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ।

ਹੁਣ ਸਾਰੀ ਘਟਨਾ ਉੱਤੇ ਨਜ਼ਰਸਾਨੀ ਕਰਨ ਦੀ ਲੋੜ ਹੈ। ਗੁਲਾਬ ਸਿੰਘ ਰਾਏਕੋਟ ਅਤੇ ਅੰਮ੍ਰਿਤਸਰ ਕੇਸਾਂ ਵਿੱਚ ਸਜ਼ਾਵਾਂ ਦਾ ਪੁਖ਼ਤਾ ਗਵਾਹ ਬਣਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅੰਗਰੇਜ਼ਾਂ ਵਿਰੁੱਧ ਚਲਾਏ ਜਾ ਰਹੇ ਅੰਦੋਲਨ ਨੂੰ ਭਾਰੀ ਸੱਟ ਵੱਜੀ। ਨਤੀਜੇ ਵਜੋਂ ਕਸ਼ਮੀਰ ਵਿੱਚ ਕੂਕਾ ਪਲਟਨ ਤੁੜਵਾ ਦਿੱਤੀ ਗਈ। ਨੇਪਾਲ ਅਤੇ ਕਾਸ਼ੀਪੁਰ ਨਰੇਸ਼ ਨੂੰ ਵੀ ਪਿੱਛੇ ਹਟਣਾ ਪਿਆ ਅਤੇ ਸਿੰਘਾਂ ਉੱਤੇ ਸਖ਼ਤੀਆਂ ਸ਼ੁਰੂ ਹੋ ਗਈਆਂ। ਅੰਗਰੇਜ਼ ਸਰਕਾਰ ਅੰਮ੍ਰਿਤਸਰ ਅਤੇ ਰਾਏਕੋਟ ਕੇਸਾਂ ਦੀ ਆੜ ਲੈ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲੈਣਾ ਚਾਹੁੰਦੀ ਸੀ। ਇਸ ਲਈ ਚੰਗੀ ਤਰ੍ਹਾਂ ਪੜਤਾਲ ਕੀਤੀ ਗਈ ਕਿ ਇਨ੍ਹਾਂ ਦੋਨਾਂ ਘਟਨਾਵਾਂ ਪਿੱਛੇ ਸਤਿਗੁਰੂ ਰਾਮ ਸਿੰਘ ਜੀ ਦਾ ਕਿੰਨਾ ਕੁ ਹੱਥ ਸੀ, ਪਰ ਨਿਕਲਿਆ ਕੁਝ ਵੀ ਨਾ। ਨੈਸ਼ਨਲ ਆਰਕਾਈਵਜ ਨਵੀਂ ਦਿੱਲੀ ਵਿੱਚ ਇਸ ਬਾਬਤ ਇੱਕ ਫਾਈਲ ਪਈ ਹੋਈ ਹੈ ਜਿਸ ਦਾ ਹੈਡਿੰਗ ਹੈ- Alleged connection of Ram Singh the Kuka Guru with the murder case of Amritsar and Raikot. ਇਸ ਤਰ੍ਹਾਂ ਦੀ ਉਲਟੀ-ਸਿੱਧੀ ਪੜਤਾਲ ਦਸੰਬਰ 1871 ਈ. ਤੱਕ ਕਈ ਬਹਾਨਿਆਂ ਨਾਲ ਚੱਲਦੀ ਰਹੀ ਪਰ ਨਿਕਲਿਆ ਕੁਝ ਵੀ ਨਾ। ਹਾਂ 31 ਦਸੰਬਰ 1871 ਨੂੰ ਇੱਕ ਵਾਰੀ ਫੇਰ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਪਿੰਡ ਵਿੱਚ ਹੀ ਨਜ਼ਰਬੰਦ ਕਰ ਕੇ ਬਾਹਰ ਅੰਦਰ ਜਾਣ ਦੀ ਮਨਾਹੀ ਕਰ ਦਿੱਤੀ। ਇਸੇ ਕਾਰਨ ਹੀ ਲੋਹੜੀ, ਮਾਘੀ ਦਾ ਮੇਲਾ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਵਿੱਚ ਮਨਾਇਆ ਗਿਆ ਸੀ ਅਤੇ ਜਿਸ ਦੇ ਸਿੱਟੇ ਵਿੱਚ ਮਲੇਰਕੋਟਲੇ ਵਾਲੀ ਘਟਨਾ ਵਾਪਰ ਗਈ ਅਤੇ ਅੰਗਰੇਜ਼ ਸਰਕਾਰ ਨੂੰ ਮੌਕਾ ਮਿਲ ਗਿਆ ਸ੍ਰੀ ਸਤਿਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਪੰਜਾਬ ਤੋਂ ਬਾਹਰ ਭੇਜਣ ਦਾ।

ਉਪਰੋਕਤ ਸਾਰੇ ਹਾਲਾਤ ਦਾ ਧੁਰਾ ਗੁਲਾਬ ਸਿੰਘ ਉਰਫ਼ 'ਗੁਲਾਬੂ' ਜਿਸ ਨੇ ਦੋਨਾਂ ਥਾਵਾਂ ਤੇ ਕਾਰਵਾਈ ਕਰਨ ਵਾਲਿਆਂ ਨੂੰ ਸ੍ਰੀ ਸਤਿਗੁਰੂ ਜੀ ਦਾ ਹੁਕਮ ਦੱਸ ਕੇ ਹੱਲਾ ਸ਼ੇਰੀ ਦਿੱਤੀ ਸੀ। ਸ੍ਰੀ ਸਤਿਗੁਰੂ ਜੀ ਨੇ ਤਾਂ ਇਸ ਤਰ੍ਹਾਂ ਦਾ ਹੁਕਮ ਦਿੱਤਾ ਹੀ ਨਹੀਂ ਸੀ। ਇਹ ਸੋਚਣ ਵਾਲੀ ਗੱਲ ਹੈ ਕਿ ਗੁਲਾਬ ਸਿੰਘ ਨੇ ਸਤਿਗੁਰੂ ਜੀ ਦੇ ਨਾਂ ਦਾ ਝੂਠਾ ਹੀ ਆਸਰਾ ਕਿਉਂ ਲਿਆ। ਉਹ ਕੋਈ ਵਿਸ਼ੇਸ਼ ਅਥਵਾ ਪ੍ਰਮੁੱਖ ਵਿਅਕਤੀ ਵੀ ਨਹੀਂ ਸੀ। ਕੀ ਗੁਲਾਬੂ ਨੇ ਇਹ ਸਭ ਕੁਝ ਆਪਣੀ ਮਰਜ਼ੀ ਨਾਲ ਕੀਤਾ ਸੀ ਜਾਂ ਕਿਸੇ ਨੇ ਕਹਿ ਕੇ ਕਰਵਾਇਆ ਸੀ?

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਤੋਂ ਮਾਝੇ ਦੇ ਇੱਕ ਸੇਵਕ ਬਘੇਲ ਸਿੰਘ ਨੂੰ ਜਦੋਂ ਉਹ ਰੰਗੂਨ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਿਆ ਸੀ, ਇੱਕ ਹੁਕਮਨਾਮੇ ਵਿੱਚ ਦੇਸ਼ ਦਾ, ਭੈਣੀ ਸਾਹਿਬ ਅਤੇ ਹੋਰ ਇਲਾਕਿਆਂ ਦਾ ਹਾਲ ਪੁੱਛਦੇ ਹਨ। ਇਸੇ ਹੁਕਮਨਾਮੇ ਵਿੱਚ ਬਘੇਲ ਸਿੰਘ ਨੂੰ ਪੁੱਛਦੇ ਹਨ- 'ਹੋਰ ਠੱਠੇ ਵਾਲਾ ਝੰਡਾ ਸਿੰਘ ਤੇ ਮਿਹਰ ਸਿੰਘ ਕਿੱਥੇ ਹਨ? ਇਸ ਤੋਂ ਅੱਗੇ ਗੁਲਾਬੂ ਬਾਰੇ ਪੁੱਛਦੇ ਹਨ'- ਗੁਲਾਬੂ ਚਮਾਰ ਮਰ੍ਹਾਣੇ ਵਾਲਾ ਸੰਗਤ ਵਿੱਚ ਆਉਂਦਾ ਹੈ ਕਿ ਨਹੀਂ ਬੜਨ ਦਿੰਦੇ ਸਿੰਘ।' ਇਸ ਤਰ੍ਹਾਂ ਸਭ ਦੀ ਨਫ਼ਰਤ ਦਾ ਪਾਤਰ ਬਣ ਗਿਆ ਸੀ ਨਿੰਦਕ 'ਗੁਲਾਬੂ'।

ਮੈਂ ਜਦੋਂ ਜਦੋਂ ਵੀ ਅੰਮ੍ਰਿਤਸਰ ਸਾਕੇ ਬਾਰੇ ਮੁਕੱਦਮੇ ਦੀਆਂ ਫਾਈਲਾਂ ਪੜ੍ਹਦਾ ਅਤੇ ਘੋਖ ਕਰਦਾ ਰਿਹਾ ਹਾਂ ਸਭ ਗੁਆਹੀਆਂ ਨੂੰ ਧਿਆਨ ਨਾਲ ਪੜ੍ਹਿਆ ਹੈ, ਮੈਂ ਸਗੋਂ ਪ੍ਰੇਸ਼ਾਨੀ ਵਿੱਚ ਪੈਂਦਾ ਰਿਹਾ ਹਾਂ। ਮੁਕੱਦਮੇ ਬਾਰੇ ਗੁਆਹੀਆਂ ਨੂੰ ਬੜੇ ਹੀ ਧਿਆਨ ਨਾਲ ਸਮਝਣ ਦੀ ਲੋੜ ਹੁੰਦੀ ਹੈ, ਫੇਰ ਉਸ ਸਮੇਂ ਜਦੋਂ ਅੰਗਰੇਜ਼ ਸਰਕਾਰ ਸਭ ਤਰ੍ਹਾਂ ਦੇ ਹੀਲੇ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਨੂੰ ਤਾਰਪੀਡੋ ਕਰਨਾ ਚਾਹੁੰਦੀ ਸੀ ਅਤੇ ਕਿਸੇ ਵੀ ਬਹਾਨੇ ਸਤਿਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਪੰਜਾਬ ਤੋਂ ਬਾਹਰ ਭੇਜਣ ਲਈ ਯਤਨਸ਼ੀਲ ਸੀ। ਸਰਕਾਰ ਲਈ ਇਸ ਮਨੋਰਥ ਨੂੰ ਪੂਰਿਆਂ ਕਰਨਾ ਕੋਈ ਔਖੀ ਗੱਲ ਨਹੀਂ ਸੀ। ਇਸ ਹਾਲਾਤ ਵਿੱਚ ਅੰਮ੍ਰਿਤਸਰ ਅਤੇ ਰਾਏਕੋਟ ਦੇ ਮੁਕੱਦਮਿਆਂ ਦਾ ਵਿਸ਼ਲੇਸ਼ਣ ਬੜੇ ਹੀ ਸਿਆਣਪ ਤੇ ਸਮਝਦਾਰੀ ਨਾਲ ਕਰਨਾ ਸੀ ਮੈਂ ਇਨ੍ਹਾਂ ਮੁਕੱਦਮੇ ਦੀਆਂ ਫਾਈਲਾਂ ਨੂੰ ਜਿੰਨਾ ਵੀ ਘੋਖਦਾ ਰਿਹਾ ਹਾਂ ਉਨ੍ਹਾਂ ਹੀ ਗੁੰਝਲ ਵਿੱਚ ਪੈ ਜਾਂਦਾ ਰਿਹਾ ਹਾਂ। ਗੁਲਾਬ ਸਿੰਘ ਉਰਫ਼ ਗੁਲਾਬੂ ਦੇ ਕਿਰਦਾਰ ਬਾਰੇ ਕਿ ਉਸ ਨੇ ਇਹ ਸਭ ਜੋ ਕੀਤਾ ਸੀ ਆਪ ਕੀਤਾ ਸੀ ਜਾਂ ਕਿਸੇ ਨੇ ਕਰਵਾਇਆ ਸੀ। ਆਪੂੰ ਕਰਨ ਵਿੱਚ ਮੈਨੂੰ ਕੋਈ ਕਾਰਨ ਨਜ਼ਰ ਨਹੀਂ ਆਇਆ। ਗੁਲਾਬ ਸਿੰਘ ਦੇ ਇਨ੍ਹਾਂ ਘਟਨਾਵਾਂ ਵਿੱਚ ਸ਼ਿਰਕਤ ਕਰਨ ਦਾ ਉਸ ਦਾ ਕੋਈ ਮਨੋਰਥ ਵੀ ਜ਼ਾਹਰ ਨਹੀਂ ਹੁੰਦਾ ਫਿਰ ਕਿਉਂ ਦੋਵੇਂ ਘਟਨਾਵਾਂ ਦੀ ਤਹਿ ਵਿੱਚ ਗੁਲਾਬ ਸਿੰਘ ਨਜ਼ਰੀਂ ਪੈਂਦਾ ਹੈ। ਸਭ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਕਹਿ ਕੇ ਝੂਠ ਮਾਰਕੇ ਹੱਲਾਸ਼ੇਰੀ ਦੇਣ ਦਾ। ਮੈਂ ਅਨੇਕਾਂ ਵਾਰੀ ਸਾਰੀਆਂ ਫਾਈਲਾਂ ਪੜ੍ਹੀਆਂ ਹਨ ਪਰ ਮੇਰੇ ਅੰਦਰ ਦੀ ਉਲਝਣ ਗੁਲਾਬੂ ਬਾਰੇ ਮੁੱਕਦੀ ਨਹੀਂ ਹੈ। ਇਸ ਲਈ ਮੈਂ ਸਾਰੇ ਤੱਥ ਅਤੇ ਹਕੀਕਤਾਂ ਹੀ ਪਾਠਕਾਂ ਸਾਹਮਣੇ ਰੱਖ ਰਿਹਾ ਹਾਂ ਤਾਂ ਜੋ ਇਸ ਲੇਖ ਨੂੰ ਪੜ੍ਹ ਕੇ ਪਾਠਕ ਮੇਰੀ ਉਲਝਣ ਦੂਰ ਕਰ ਸਕਣ।

**27-03-2020, ਦਿੱਲੀ**

# ਹਿੰਦੋਸਤਾਨ ਜੰਗ-ਏ-ਆਜ਼ਾਦੀ ਸਤੰਬਰ ਮਹੀਨੇ ਦੇ ਸੰਗਰਾਮੀ ਅਤੇ ਸ਼ਹੀਦ ਯੋਧੇ

-ਮਨਮੋਹਨ ਸਿੰਘ ਪੰਨੀ
ਨਿਊਯਾਰਕ (ਯੂ.ਐਸ.ਏ.)

**ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ ਪੰਜਾਬੀ, ਪੰਜਾਬ, ਪੰਜਾਬੀਅਤ ਅਤੇ ਹਿੰਦੋਸਤਾਨ ਦੀ ਜੰਗ-ਏ-ਆਜ਼ਾਦੀ ਦੇ ਸ਼ਹੀਦਾਂ ਨੂੰ ਸਮੱਰਪਿਤ ਹੈ। ਹਰ ਮਹੀਨੇ ਸੰਗਰਾਮੀਆਂ ਅਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਪੇਸ਼ ਕਰਨ ਲਈ ਡਾ. ਮਨਮੋਹਨ ਸਿੰਘ ਜੀ ਇਤਿਹਾਸਿਕ ਜਾਣਕਾਰੀ ਭੇਜਦੇ ਹਨ।**

ਮਨੁੱਖ ਨੂੰ ਜਦੋਂ ਸਮਾਜ ਵਿੱਚ ਹੋ ਰਹੇ ਵਿਤਕਰੇ, ਅਣਮਨੁੱਖੀ ਵਿਵਹਾਰ ਅਤੇ ਬੇਇਨਸਾਫ਼ੀਆਂ ਦੀ ਸਮਝ ਆਉਂਦੀ ਹੈ ਤਾਂ ਫਿਰ ਉਹ ਮੁਕਾਬਲਾ ਕਰਨ ਲਈ ਮਨੋਬਲ ਨੂੰ ਉੱਚਾ ਕਰਦਾ ਹੈ 'ਤੇ ਤੰਗੀਆਂ ਤੁਰਸ਼ੀਆਂ ਸਾਹਮਣੇ ਗੋਡੇ ਟੇਕਣ ਦੀ ਥਾਂ ਸੰਘਰਸ਼ ਨੂੰ ਪਹਿਲ ਦੇਂਦਾ ਹੈ, ਫ਼ੌਲਾਦੀ ਜੁੱਸਾ ਤੇ ਸੋਚ ਪੈਦਾ ਕਰਦਾ ਹੈ। ਇਸ ਸਮਝ ਨੂੰ ਪ੍ਰਣਾਉਂਦੇ ਹੋਏ ਹੀ ਗ਼ਦਰ ਲਹਿਰ ਦਾ ਜਨਮ ਹੋਇਆ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਰ ਜੋਖ਼ਮ ਮੁੱਲ ਲੈਣ ਦਾ ਪ੍ਰਣ ਕੀਤਾ।

"ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ,
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।"
"ਚਲੋ ਚੱਲੀਏ ਦੇਸ ਨੂੰ ਯੁੱਧ ਕਰਨ,
ਇਹੋ ਬਚਨ ਤੇ ਫ਼ੁਰਮਾਨ ਹੋ ਗਏ।"

ਅੰਗਰੇਜ਼ ਰਾਜ ਤੋਂ ਆਜ਼ਾਦੀ ਪ੍ਰਾਪਤ ਕਰਨ ਦੀ ਘਾਲਣਾ ਦਾ ਵਿਵਰਣ ਕਦੀ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਆਜ਼ਾਦੀ ਪ੍ਰਾਪਤ ਕਰਨ ਦੀ ਖ਼ਾਹਿਸ਼ ਨੇ ਅਣਗਿਣਤ ਸੰਗਰਾਮੀ ਪੈਦਾ ਕੀਤੇ ਜਿੰਨ੍ਹਾਂ ਵਿੱਚੋਂ ਸੈਂਕੜੇ ਯੋਧੇ ਫ਼ਾਂਸੀ ਦੇ ਤਖ਼ਤੇ ਤੇ ਚੜ੍ਹੇ, ਹਜ਼ਾਰਾਂ ਨੂੰ ਲੰਬੀਆਂ ਜੇਲ੍ਹਾਂ ਕੱਟਣੀਆਂ ਪਈਆਂ ਅਤੇ ਆਪਣੀਆਂ ਜ਼ਾਇਦਾਦਾਂ ਦੀਆਂ ਕੁਰਕੀਆਂ ਕਰਵਾਕੇ ਦੇਸ਼ ਨਿਕਾਲੇ ਦੀਆਂ ਸਜ਼ਾਵਾਂ ਤਨ ਉਪਰ ਹੰਢਾਈਆਂ। ਅੰਗਰੇਜ਼ ਹਕੂਮਤ ਕੋਲੋਂ ਬੜੇ ਹੀ ਲੰਬੇ ਸੰਗਰਾਮ ਤੋਂ ਬਾਅਦ ਆਜ਼ਾਦੀ ਮਿਲੀ। ਆਜ਼ਾਦੀ ਦੇ ਪਰਵਾਨਿਆਂ ਦੀ ਸਮਝ ਸੀ ਕਿ ਅੰਗਰੇਜ਼ ਰਾਜ ਖ਼ਤਮ ਹੋ ਜਾਣ ਤੋਂ ਬਾਅਦ ਹਰੇਕ ਹਿੰਦੋਸਤਾਨੀ ਨੂੰ ਜੀਵਨ ਨਿਰਵਾਹ ਦੀਆਂ ਸੁੱਖ ਸਹੂਲਤਾਂ ਮਿਲਣਗੀਆਂ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋ ਜਾਵੇਗੀ।

ਗ਼ਦਰੀ ਬਾਬਿਆਂ ਦੀ ਸੋਚ ਸੀ ਕਿ ਆਜ਼ਾਦੀ ਦੀ ਲੜਾਈ ਇੱਕ ਹੋ ਕੇ ਹੀ ਲੜੀ ਜਾ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਵਿੱਚ ਮਜ਼ਹਬੀ ਵਾਦ-ਵਿਵਾਦ ਦੀ ਕੋਈ ਥਾਂ ਨਹੀਂ ਹੈ, ਧਰਮ ਹਰ ਇੱਕ ਦਾ ਨਿੱਜੀ ਮਾਮਲਾ ਹੈ। ਭਾਈ ਮਹਾਰਾਜ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਖਾਤਮੇ ਤੋਂ ਤੁਰੰਤ ਬਾਅਦ ਹੀ ਅੰਗਰੇਜ਼ ਰਾਜ ਵਿਰੁੱਧ ਆਜ਼ਾਦੀ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ, 1857 ਦਾ ਗ਼ਦਰ ਜਿਸ ਵਿੱਚ ਬਹਾਦਰ ਸ਼ਾਹ ਜਫ਼ਰ ਨੇ ਵੀ ਹਿੱਸਾ ਪਾਇਆ, ਕੂਕਾ ਲਹਿਰ ਜਿਸਨੇ ਸਭ ਤੋਂ ਪਹਿਲਾਂ 1857 ਈ. ਤੋਂ ਹੀ ਅੰਗਰੇਜ਼ ਰਾਜ ਦਾ ਬਾਈਕਾਟ ਕੀਤਾ ਤੇ ਨਾ-ਮਿਲਵਰਤਣ ਲਹਿਰ ਚਲਾਈ ਜੋ 60-65 ਸਾਲ ਬਾਅਦ ਮਹਾਤਮਾਂ ਗਾਂਧੀ ਨੇ 1920 ਵਿੱਚ ਕਾਪੀ ਕੀਤੀ, ਰੇਸ਼ਮੀ ਰੁਮਾਲ ਲਹਿਰ, ਵਿਦਿਆਰਥੀ ਜੱਥੇਬੰਦੀਆਂ, ਨੌਜਵਾਨ ਭਾਰਤ ਸਭਾ, ਗੁਰਦੁਆਰਾ ਸੁਧਾਰ ਲਹਿਰ, ਬੰਗਾਲ ਦੀ ਮਹਾਨ ਖੁਫ਼ੀਆ ਸਭਾ ਅਨੁਸ਼ੀਲਨ ਸੰਪਤੀ, ਪਰਜਾ ਮੰਡਲ ਲਹਿਰ, ਹੋਰ ਸੰਸਥਾਵਾਂ ਅਤੇ ਮੋਰਚਿਆਂ ਆਦਿ ਅਤੇ ਹਿੰਦੋਸਤਾਨ ਦੀ ਜਨਤਾ ਨੇ ਬਿੰਨਾਂ ਕਿਸੇ ਰੰਗ -ਭੇਦ, ਜਾਤ-ਪਾਤ ਜਾਂ ਉਚ-ਨੀਚ ਦੇ ਵਿਤਕਰਿਆਂ ਤੋਂ ਉੱਪਰ ਉੱਠਕੇ ਹੋ ਕੇ ਅੰਗਰੇਜ਼ ਰਾਜ ਵਿਰੁੱਧ ਲੜਾਈ 'ਚ ਹਿੱਸਾ ਪਾਇਆ।

ਅਜ਼ਾਦੀ ਦੇ ਸ਼ਹੀਦ ਅਤੇ ਸੰਗਰਾਮੀ ਯੋਧਿਆਂ ਦੇ ਅਣਖੀ ਵਿਰਸੇ ਨੂੰ ਯਾਦਾਂ ਦਾ ਹਿੱਸਾ ਬਣਾਕੇ ਰੱਖਣ ਲਈ ਸ਼ਰਧਾਂਜ਼ਲੀ ਵਜੋਂ ਜਾਣਕਾਰੀ ਪੇਸ਼ ਹੈ।

1 ਸਤੰਬਰ 1940 ਨੂੰ ਬੱਬਰ ਸ.ਕਰਮ ਸਿੰਘ (ਦੌਲਤਪੁਰ,ਜ਼ਿਲ੍ਹਾ ਨਵਾਂ ਸ਼ਹਿਰ) ਬਬੇਲੀ ਪਿੰਡ ਦੇ ਪੁਲਿਸ ਮੁਕਾਬਲੇ 'ਚ ਸ਼ਹੀਦੀ ਜਾਮ ਪੀ ਗਏ। ਆਪ ਗ਼ਦਰ ਪਾਰਟੀ ਦੇ ਮੈਂਬਰ ਸਨ ਤੇ ਕੈਨੇਡਾ ਦੀਆਂ ਸਭ ਸੁੱਖ ਸਹੂਲਤਾਂ ਛੱਡਕੇ ਦੇਸ਼ ਆਜ਼ਾਦ ਕਰਵਾਉਣ ਲਈ ਦੇਸ਼ ਵਾਪਿਸ ਪਰਤੇ ਸਨ। ਇਸ ਪੁਲਿਸ ਮੁਕਾਬਲੇ ਵਿੱਚ ਬੱਬਰ ਸ. ਓਦੈ ਸਿੰਘ ਰਾਮਗੜ੍ਹ ਝੁੰਗੀਆਂ (ਹੁਸ਼ਿਆਰਪੁਰ), ਬੱਬਰ ਸ.ਬਿਸ਼ਨ ਸਿੰਘ ਮਾਂਗਟ (ਜਲੰਧਰ), ਬੱਬਰ ਸ.ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਹੁਸ਼ਿਆਰਪੁਰ ਸ਼ਹੀਦ ਹੋਏ। ਪਹਿਲੀ, ਸਤੰਬਰ 1956 ਨੂੰ ਸ.ਰਾਮ ਨਰਾਇਣ ਪੁੱਤਰ ਸ. ਲਾਲ ਜੀ, ਮੱਲ ਜੀ ਸਦੀਵੀ ਵਿਛੋੜਾ ਦੇ ਗਏ।ਆਪ V.& Po. ਨਾਨੂੰ ਕਲਾਂ Sub. T. ਪਟੌਦੀ ਜ਼ਿਲ੍ਹਾ ਗੁੜਗਾਓਂ 1946 ਵਿੱਚ ਪਟੌਦੀ ਸਟੇਟ ਵਿਰੁੱਧ ਸਤਿਆਗ੍ਰਹਿ 'ਚ ਬਹੁਤ ਬੁਰੀ ਹਾਲਤ 'ਚ ਜਖਮੀ ਹੋ ਗਏ ਸਨ।

2 ਸਤੰਬਰ 1925 ਨੂੰ ਸ.ਸਮੁੰਦ ਸਿੰਘ ਪੁੱਤਰ

ਸ.ਬੂਟਾ ਸਿੰਘ ਮਾਤਾ ਲਛਮਣ ਕੌਰ ਪਿੰਡ ਫੇਰੂਮਾਨ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਆਪ ਜੈਤੋਂ ਮੋਰਚਾ 14 ਦੇ ਮੈਂਬਰ ਸਨ ।

3 ਸਤੰਬਰ 1915 ਨੂੰ ਸ. ਬੁੱਧ ਸਿੰਘ ਪੁੱਤਰ ਸ.ਹੀਰਾ ਸਿੰਘ ਅਤੇ ਮਾਤਾ ਜੀਵਨ, ਪਿੰਡ ਢੋਟੀਆਂ ਜ਼ਿਲ੍ਹਾ ਅੰਮ੍ਰਿਤਸਰ ਆਪ ਬਹਾਵਲਪੁਰ ਬੰਬ ਕਾਂਡ 'ਚ ਫ਼ਾਂਸੀ ਲੱਗੇ।

3 ਸਤੰਬਰ 1915 ਨੂੰ (1) ਸ. ਭਾਈ ਲਛਮਣ ਸਿੰਘ ਦਫ਼ੇਦਾਰ ਪੁੱਤਰ ਸ. ਕੱਥਾ ਸਿੰਘ ਮਾਤਾ ਬੀਬੀ ਈਸ਼ਰ ਕੌਰ ਉਰਫ਼ ਰਾਜ ਕੌਰ ਪਿੰਡ ਚੂਸੜੇਵਾਲ, ਤਰਨਤਾਰਨ ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਪਿੰਡ ਤਹਿਸੀਲ ਕਸੂਰ ਵਿੱਚ ਸੀ (2) ਸ.ਅਬਦੁੱਲਾ ਨਾਹਲ ਚੰਦ ਪੁੱਤਰ ਸ.ਅੱਲਾਹ ਦੀਨ ਪਿੰਡ ਟਪਰਾਲ ਗੁਜਰਾਂਵਾਲਾ (3) ਘੋੜ ਸਵਾਰ ਸ.ਬੂਟਾ ਸਿੰਘ ਪੁੱਤਰ ਸ.ਚੈਂਚਲ ਸਿੰਘ ਮਾਤਾ ਬੀਬੀ ਨੰਦ ਕੌਰ ਪਿੰਡ ਕਸੇਲ (4) ਘੋੜ ਸਵਾਰ ਸ.ਇੰਦਰ ਸਿੰਘ ਪੁੱਤਰ ਸ.ਭਗਤ ਸਿੰਘ ਮਾਤਾ ਬੀਬੀ ਭਾਗਣ ਆਪ ਉਮਰ 24 ਸਾਲ ਦੇ ਪਿੰਡ ਸ਼ਾਹਬਾਜ਼ਪੁਰ ਤੋਂ ਸਨ (5) ਸ.ਗੁੱਜਰ ਸਿੰਘ ਪੁੱਤਰ ਸ. ਨਿਹਾਲ ਸਿੰਘ ਪਿੰਡ ਲਹੁਕੇ (6) ਸ.ਜੇਠਾ ਸਿੰਘ ਪੁੱਤਰ ਸ.ਬਹਾਦਰ ਸਿੰਘ ਪਿੰਡ ਲਹੁਕੇ (7) ਸ.ਤਾਰਾ ਸਿੰਘ ਪੁੱਤਰ ਸ਼ਾਮ ਸਿੰਘ ਪਿੰਡ ਰੂੜੀਵਾਲ (8) ਸ.ਭਾਗ ਸਿੰਘ ਪੁੱਤਰ ਬੂੜ ਸਿੰਘ ਪਿੰਡ ਰੂੜੀਵਾਲ (9) ਸ.ਮੋਤਾ ਸਿੰਘ ਪੁੱਤਰ ਸ. ਈਸ਼ਰ ਸਿੰਘ ਪਿੰਡ ਰੂੜੀਵਾਲ (10) ਦਫ਼ੇਦਾਰ ਸ.ਵਧਾਵਾ ਸਿੰਘ ਪੁੱਤਰ ਸ.ਸੁਰੈਣ ਸਿੰਘ ਪਿੰਡ ਰੂੜੀਵਾਲ (11) ਸ.ਇੰਦਰ ਸਿੰਘ ਪੁੱਤਰ ਦਫ਼ੇਦਾਰ ਜਵੰਦ ਸਿੰਘ ਮਾਤਾ ਖੇਮੀ ਪਿੰਡ ਜੀਉਵਾਲਾ (12) ਘੋੜ ਸਵਾਰ ਸ.ਬੁੱਧ ਸਿੰਘ ਪੁੱਤਰ ਸ.ਹੀਰਾ ਸਿੰਘ ਮਾਤਾ ਜੀਵਨ ਕੌਰ ਪਿੰਡ ਢੋਟੀਆਂ। ਇਹ ਸਾਰੇ ਜ਼ਿਲ੍ਹਾ ਅੰਮ੍ਰਿਤਸਰ ਤੋਂ ਸਨ ਅਤੇ 23 ਨੰਬਰ ਰਸਾਲਾ ਡਸ਼ਗਈ (ਹਿਮਾਚਲ) ਦੇ ਬਾਗ਼ੀ ਫੌਜੀ ਸਨ। ਅੰਬਾਲਾ ਜੇਲ੍ਹ 'ਚ ਫ਼ਾਂਸੀ ਦੇ ਕੇ ਸ਼ਹੀਦ ਕੀਤਾ।

3 ਸਤੰਬਰ 1922 ਨੂੰ ਸ.ਤਾਰਾ ਸਿੰਘ ਪੁੱਤਰ ਸ.ਭਗਤ ਸਿੰਘ ਪਿੰਡ ਤਰਦਾ ਖ਼ੁਰਦ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਆਪ ਨੇ ਗੁਰੂ ਕੇ ਬਾਗ਼ ਮੋਰਚੇ 'ਚ ਸ਼ਮੂਲੀਅਤ ਕੀਤੀ।

3 ਸਤੰਬਰ 1957 ਨੂੰ ਸ.ਸੰਤ ਸਿੰਘ ਪੁੱਤਰ ਸ.ਗੁਰਮੁਖ ਸਿੰਘ ਪਿੰਡ ਮਾਨਾ ਸਿੰਘ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਆਪ ਭਾਈ ਫੇਰੂ ਮੋਰਚੇ ਦੇ ਮੈਂਬਰ ਸਨ ਦੋ ਸਾਲ ਕੁਲਾਲੰਪਰ'ਚ ਜੇਲ੍ਹ ਕੱਟੀ।

4 ਸਤੰਬਰ 1922 ਨੂੰ ਸ.ਭਗਤ ਸਿੰਘ ਪਿੰਡ ਤਾਰਾ (ਅੰਮ੍ਰਿਤਸਰ) ਗੁਰੂ ਕੇ ਬਾਗ਼ ਮੋਰਚੇ 'ਚ ਸ਼ਮੂਲੀਅਤ 'ਤੇ ਪੁਲਸ ਦੀ ਕੁੱਟ ਦੀ ਤਾਬ ਨਾ ਝੱਲਦੇ ਹੋਏ ਸਦੀਵੀ ਵਿਛੋੜਾ ਦੇ ਗਏ।

4 ਸਤੰਬਰ 1924 ਨੂੰ ਸ.ਸੋਭਾ ਸਿੰਘ ਪਿੰਡ ਰਾਨੀਆਂ ਤਹਿਸੀਲ ਮੋਗਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ ਆਪ ਨੇ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਅਤੇ ਨਾਭਾ ਜੇਲ੍ਹ ਯਾਤਰਾ ਕੀਤੀ।

5 ਸਤੰਬਰ 1924 ਨੂੰ ਸ.ਗੋਪਾਲ ਸਿੰਘ ਪੁੱਤਰ ਸ.ਬਹਾਦਰ ਸਿੰਘ ਮਾਤਾ ਬੀਬੀ ਇੰਦਰ ਕੌਰ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਫੁਲਰਵਾਂ (phularwan) ਲਾਗੇ ਚੂਹੜ ਕਲਾਂ (ਲਾਇਲਪੁਰ) ਤੋਂ ਸਨ ਤੇ ਗੁਰੂ ਕੇ ਬਾਗ਼ ਮੋਰਚੇ 'ਚ ਸ਼ਮੂਲੀਅਤ ਕੀਤੀ।

5 ਸਤੰਬਰ 1947 ਨੂੰ ਸ.ਫਤਿਹ ਚੰਦ ਪੁੱਤਰ ਸ.ਸੁਖਦਿਆਲ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਕਲੇਰ ਕੋਟ, ਤਹਿਸੀਲ ਭਾਕਰ (Bhakkar) ਮੀਆਂਵਾਲੀ, ਸਿਵਲ -ਨਾ ਫੁਰਮਾਨੀ ਲਹਿਰ (C.D.M.) ਦੇ ਮੈਂਬਰ ਸਨ। ਸਰਕਾਰ ਵਿਰੁੱਧ ਸਪੀਚ ਕਰਨ ਦੇ ਦੋਸ਼ ਕਾਰਨ D.I.R. ਕਾਨੂੰਨ ਤਹਿਤ ਸਾਢੇ ਤਿੰਨ ਸਾਲ ਜੇਲ੍ਹ ਯਾਤਰਾ ਕੀਤੀ।

5 ਸਤੰਬਰ 1950 ਨੂੰ ਸ.ਨੰਦ ਸਿੰਘ ਕੈਲਾ ਪੁੱਤਰ ਸ.ਰਾਮ ਸਿੰਘ ਤੇ ਬੀਬੀ ਫੱਤੋ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਕਾਇਲਾ ਜ਼ਿਲ੍ਹਾ ਲੁਧਿਆਣਾ ਤੋਂ ਸਨ। 1907 'ਚ ਘਰ ਦੀ ਸੁਰੱਗੀ ਲਈ ਕੈਨੇਡਾ ਗਏ ਭਾਈ ਭਗਵਾਨ ਸਿੰਘ ਪ੍ਰੀਤਮ ਨਾਲ ਮੇਲ ਹੋਇਆ ਗ਼ਦਰ ਪਾਰਟੀ ਦੇ ਮੈਂਬਰ ਬਣੇ। ਦੇਸ਼ ਆਜ਼ਾਦ ਕਰਾਉਣ ਲਈ ਵਾਪਸੀ, ਆਖ਼ਰੀ ਸਾਹ ਵੀ ਦੇਸ਼-ਹਿੱਤ ਲਈ ਲਿਆ ਤੇ 70 ਸਾਲ ਦੀ ਉਮਰ ਵਿੱਚ ਵੀ ਜੇਲ੍ਹ ਵਿੱਚ ਭੁੱਖ ਹੜਤਾਲ ਕੀਤੀ।

5 ਸਤੰਬਰ 1957 ਨੂੰ ਸ.ਰਾਮ ਸਿੰਘ ਪੁੱਤਰ ਸ.ਚੰਨਣ ਸਿੰਘ ਪਿੰਡ ਦਸੌਰ, ਮੋਗਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ ।ਆਪ I.N.A. ਦੀ ਆਜ਼ਾਦ ਬ੍ਰਿਗੇਡ 'ਚ ਸਨ।

6 ਸਤੰਬਰ 1940 ਨੂੰ (1) ਸ.ਬਿਸ਼ਨ ਸਿੰਘ ਬੁੱਟਰ, (2) ਸ.ਅਜ਼ੈਬ ਸਿੰਘ (ਨੰਦਪੁਰ,ਅੰਮ੍ਰਿਤਸਰ) (3) ਸ.ਸਾਧੂ ਸਿੰਘ (ਦਦੇਹਰ, ਅੰਮ੍ਰਿਤਸਰ) (4) ਸ.ਗੁਰਚਰਨ ਸਿੰਘ (ਚੁਗਾਵਾਂ, ਸਾਧਪੁਰ ਜ਼ਿਲ੍ਹਾ ਅੰਮ੍ਰਿਤਸਰ) ਇਹ ਸਾਰੇ 21 ਨੰਬਰ ਰਸਾਲੇ ਦੇ ਬਾਗ਼ੀ ਫੌਜੀ ਸਨ ਤੇ ਸਿਕੰਦਰਾਬਾਦ ਜੇਲ੍ਹ 'ਚ ਫ਼ਾਂਸੀ ਹੋਈ।

6 ਸਤੰਬਰ 1946 ਨੂੰ ਬਚਨ ਸਿੰਘ ਪੁੱਤਰ ਸ.ਕੇਸਰ ਸਿੰਘ ਮਾਤਾ ਦਲੀਪ ਕੌਰ ਸਦੀਵੀ ਵਿਛੋੜਾ ਦੇ ਗਏ। ਪਿੰਡ ਤੇਰਾ ਖ਼ੁਰਦ, ਅਜਨਾਲਾ ਜ਼ਿਲਾ ਅੰਮ੍ਰਿਤਸਰ ਤੋਂ ਸਨ। ਆਪ

ਨੇ ਗੁਰੂ ਕੇ ਮੋਰਚੇ 'ਚ ਹਿੱਸਾ ਲਿਆ।

6 ਸਤੰਬਰ 1914 ਨੂੰ ਭਾਈ ਸ.ਬਦਨ ਸਿੰਘ ਦਲੇਲਵਾਲਾ (ਮਾਨਸਾ) ਅਤੇ ਸ.ਭਾਗ ਸਿੰਘ ਭਿੱਖੀ ਪਿੰਡ (ਅੰਮ੍ਰਿਤਸਰ) ਵੈਨਕੂਵਰ ਗੁਰਦੁਆਰੇ ਵਿੱਚ ਗੋਰੀ ਸਰਕਾਰ ਦੇ ਝੋਲੀ ਚੁੱਕ ਗ਼ਦਾਰ ਬੇਲਾ ਸਿੰਘ ਨੇ ਗੋਲੀਆਂ ਮਾਰੀਆਂ, ਦੋਵੇਂ ਹਸਪਤਾਲ ਜਾ ਕੇ ਦਮ ਤੋੜ ਗਏ।

6 ਸਤੰਬਰ 1947 ਨੂੰ ਸ.ਰਣਜੀਤ ਸਿੰਘ ਪੁੱਤਰ ਸ.ਜਸਵੰਤ ਸਿੰਘ ਸਦੀਵੀ ਵਿਛੋੜਾ ਦੇ ਗਏ, ਆਪ ਪਿੰਡ ਪਟਵਾਰ ,ਹਾਂਸੀ (ਹਿਸਾਰ) ਤੋਂ ਸਨ। ਗੋਰੀ ਸਰਕਾਰ ਦੀ ਨੌਕਰੀ ਕਰਦੇ ਸਨ ਆਪਣੇ ਅੰਗਰੇਜ਼ ਅਫ਼ਸਰ ਦੇ ਕਹਿਣੇ ਮੰਨਣ ਤੋਂ ਇਨਕਾਰੀ ਦੇ ਦੋਸ਼ ਵਿੱਚ ਇੱਕ ਸਾਲ ਨੌਂ ਮਹੀਨੇ ਕੈਦ 7900 ਰੁਪਈਆ ਜੁਰਮਾਨਾ ਅਤੇ D.I.R. ਕਾਨੂੰਨ ਤਹਿਤ ਹਿਸਾਰ, ਅਟਕ ਅਤੇ ਹਿਸਾਰ ਜੇਲ੍ਹ ਯਾਤਰਾ।

7 ਸਤੰਬਰ 1950 ਨੂੰ ਸ.ਦਰਿਆ ਸਿੰਘ ਪੁੱਤਰ ਸ.ਚੰਦਗੀ ਰਾਮ ਸਦੀਵੀ ਵਿਛੋੜਾ ਦੇ ਗਏ ਆਪ V.P.O. ਚਰਖੀ (ਮੁਹਿੰਦਰਗੜ੍ਹ) ਤੋਂ I.E.,I.N.A. ਦੇ ਲੜਾਕੂ ਫੌਜੀ ਸਨ। ਚਿੱਟਾਚੌਂਗ, ਜਿੱਗਰ ਕੱਚਾਕੈਂਪ ਅਤੇ ਕਲਕੱਤਾ ਜੇਲ੍ਹ ਦੇ ਕੈਦੀ ਰਹੇ।

8 1957 ਨੂੰ ਸ.ਮਨਫੁੱਲ ਸਿੰਘ ਪੁੱਤਰ ਸ.ਮੋਹਨ ਸਿੰਘ V.P.O. ਜਸੌਰ (ਰੋਹਤਕ) ਸਦੀਵੀ ਵਿਛੋੜਾ ਦੇ ਗਏ। ਆਪ ਨੇ ਭਾਰਤ ਛੱਡੋ ਅੰਦੋਲਨ 'ਚ ਹਿੱਸਾ ਲਿਆ ਤੇ ਇੱਕ ਸਾਲ ਜੇਲ੍ਹ ਯਾਤਰਾ ਕੀਤੀ। ਰੋਹਤਕ, ਅੰਬਾਲਾ, ਮੁਲਤਾਨ ਅਤੇ ਲਾਇਲਪੁਰ ਜੇਲ੍ਹਾਂ 'ਚ ਕੈਦ ਭੁਗਤੀ।

8 ਸਤੰਬਰ 1962 ਨੂੰ ਸ.ਭਾਈ ਭਗਵਾਨ ਸਿੰਘ ਪ੍ਰੀਤਮ ਪੁੱਤਰ ਸ.ਸਰਮੁਖ ਸਿੰਘ ਮਾਤਾ ਬੀਬੀ ਹਰ ਕੌਰ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਸਰਹਾਲੀ ਨੇੜੇ ਵੜਿੰਗ (ਤਰਨ ਤਾਰਨ) ਤੋਂ ਸਨ ਕੈਨੇਡਾ ਅਤੇ ਅਮਰੀਕਾ ਦੀ ਧਰਤੀ ਉੱਪਰ ਅੰਗਰੇਜ਼ ਵਿਰੁੱਧ ਗ਼ਦਰ ਪਾਰਟੀ ਬਣਾਈ ਤੇ ਬਤੌਰ ਪ੍ਰਧਾਨ ਦੀ ਜਿੰਮੇਵਾਰੀ ਨਿਭਾਈ। ਆਪ ਅਗਾਂਹ ਵਧੂ ਕਵਿਤਾਵਾਂ ਲਿਖਣ ਦੀ ਮੁਹਾਰਤ ਰੱਖਦੇ ਸਨ ਇੱਕ ਤੋਂ ਵੱਧ ਅਗਾਂਹ ਵਧੂ ਕਿਤਾਬਾਂ ਦੇ ਰਚੇਤਾ ਸਨ। ਗ਼ਦਰ ਦੀ ਗੂੰਜ ਅੰਗਰੇਜ਼ ਦੇ ਕੰਨਾਂ ਤੱਕ ਪਹੁੰਚਾਉਣ ਲਈ ਆਗੂ ਰੋਲ ਕੀਤਾ।

8 ਸਤੰਬਰ 1975 ਨੂੰ ਸ.ਗੁੱਜਰ ਸਿੰਘ ਪੁੱਤਰ ਸ.ਸ਼ਾਮ ਸਿੰਘ ਪਿੰਡ ਭਕਨਾ ਕਲਾਂ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਆਪ ਗ਼ਦਰ ਲਹਿਰ 'ਚ ਹਿੱਸਾ ਲੈਣ ਲਈ 1914 ਨੂੰ ਸ਼ੰਘਾਈ (ਚੀਨ) ਪੁਲੀਸ ਦੀ ਨੌਕਰੀ ਛੱਡਕੇ ਦੇਸ਼ ਪਰਤੇ, ਖੱਬੀਆਂ ਪਾਰਟੀਆਂ 'ਚ ਦੇਸ਼ ਆਜ਼ਾਦੀ ਲਈ ਕੰਮ ਕੀਤਾ, ਕਈ ਵਾਰ ਜੇਲ੍ਹ ਗਏ ਅਤੇ ਲੁੱਟ ਰਹਿਤ ਸਮਾਜ ਲਈ ਆਖ਼ਰੀ ਸਾਹ ਤੱਕ ਜੂਝੇ।

9 ਸਤੰਬਰ 1917 ਨੂੰ ਸ.ਰੁਲੀਆ ਸਿੰਘ ਪੁੱਤਰ ਸ.ਜਗਤ ਸਿੰਘ ਸਦੀਵੀ ਵਿਛੋੜਾ ਦੇ ਗਏ ਆਪ ਪਿੰਡ ਸਰਾਭਾ (ਲੁਧਿਆਣਾ) ਤੋਂ ਸਨ ਅਮਰੀਕਾ 'ਚ ਸ਼ਹੀਦ ਕਰਤਾਰ ਸਰਾਭਾ ਇਨ੍ਹਾਂ ਨੂੰ ਮਿਲੇ ਗ਼ਦਰ ਪਾਰਟੀ 'ਚ ਸ਼ਮੂਲੀਅਤ ਕਰਕੇ ਵਾਪਿਸ ਦੇਸ਼ ਪਰਤੇ ਲਾਹੌਰ ਸਾਜ਼ਿਸ਼ ਕੇਸ 'ਚ ਫ਼ਾਂਸੀ ਦੀ ਸਜ਼ਾ ਹੋਈ ਜੋ ਟੁੱਟਕੇ ਕਾਲੇ ਪਾਣੀ ਦੀ ਕੈਦ ਤਬਦੀਲ ਹੋਈ ਜੇਲ੍ਹ ਦੇ ਤਸੀਹੇ ਨਾ ਝੱਲਦੇ ਹੋਏ ਦਮ ਤੋੜ ਗਏ।

9 ਸਤੰਬਰ 1924 ਨੂੰ ਸ.ਹਰਨਾਮ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਚੱਕ ਨੰਬਰ 42Dt. ਸ਼ੇਖੂਪੁਰਾ ਤੋਂ ਸਨ ਅਤੇ ਜੈਤੋਂ ਦੇ ਅੱਠਵੇਂ ਮੋਰਚੇ 'ਚ ਸ਼ਾਮਲ ਹੋਏ। 9 ਸਤੰਬਰ 1924 ਨੂੰ ਸ.ਉੱਤਮ ਸਿੰਘ ਪੁੱਤਰ ਸ.ਦੇਵਾ ਸਿੰਘ ਮਾਤਾ ਬੀਬੀ ਰਾਜ ਕੌਰ ਪਿੰਡ ਕੋਹਾਰ ਜ਼ਿਲਾ ਗੁਰਦਾਸਪੁਰ ਸਦੀਵੀ ਵਿਛੋੜਾ ਦੇ ਗਏ ਆਪ ਜੈਤੋਂ ਮੋਰਚੇ #2 ਦੇ ਮੈਂਬਰ ਸਨ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

9 ਸਤੰਬਰ 1933 ਸ.ਚੂਹੜ ਸਿੰਘ ਪੁੱਤਰ ਸ.ਬੂਟਾ ਸਿੰਘ ਪਿੰਡ ਲੀਲ (ਲੁਧਿਆਣਾ) ਸਿਹਤ ਦੀ ਖ਼ਰਾਬੀ ਕਰਕੇ ਸਦੀਵੀ ਵਿਛੋੜਾ ਦੇ ਗਏ। ਆਪ ਨੇ ਅੰਗਰੇਜ਼ ਦੀ ਫੌਜ ਦੀ ਨੌਕਰੀ ਛੱਡੀ ਅਮਰੀਕਾ ਗਏ ਗ਼ਦਰ ਪਾਰਟੀ 'ਚ ਸ਼ਮੂਲੀਅਤ ਕੀਤੀ 15 ਸਾਲ ਵੱਖ ਜੇਲ੍ਹਾਂ ਦੀ ਯਾਤਰਾ ਕੀਤੀ ਅਤੇ ਬਾਬਾ ਜਵਾਲਾ ਸਿੰਘ ਨਾਲ ਮਦਰਾਸ ਮੀਟਿੰਗ 'ਚ ਹਿੱਸਾ ਲਿਆ।

9 ਸਤੰਬਰ 1963 ਨੂੰ ਸ.ਭਾਈ ਹਰਦਿੱਤ ਸਿੰਘ ਲੰਮੇ ਪੁੱਤਰ ਸ.ਭਗਵਾਨ ਸਿੰਘ ਟਾਟਲਾ ਮਾਤਾ ਪ੍ਰਤਾਪ ਕੌਰ। ਪਿੰਡ ਲੰਮੇ (ਲੁਧਿਆਣਾ) ਆਪ ਹੌਂਗ ਕੌਂਗ ਵਿੱਚ ਪੁਲੀਸ ਦੀ ਨੌਕਰੀ ਕਰਦੇ ਸਨ, ਗ਼ਦਰ ਲਹਿਰ 'ਚ ਸ਼ਾਮਲ ਹੋ ਗਏ। ਥੋੜ੍ਹਾ ਬੀਮਾਰ ਰਹਿਣ ਕਰਕੇ ਹੀ ਸਦੀਵੀ ਵਿਛੋੜਾ ਦੇ ਗਏ।

10 ਸਤੰਬਰ 1925 ਨੂੰ ਸ.ਗੰਡਾ ਸਿੰਘ ਸਿਹਤ ਦੀ ਖ਼ਰਾਬੀ ਕਰਕੇ ਸਦੀਵੀ ਵਿਛੋੜਾ ਦੇ ਗਏ। ਆਪ ਨੇ ਜੈਤੋਂ ਮੋਰਚੇ ਦੇ ਬਤੌਰ ਮੈਂਬਰ ਰਾਵਲ ਪਿੰਡੀ ਜੇਲ੍ਹ ਯਾਤਰਾ ਕੀਤੀ। 10 ਸਤੰਬਰ 1947 ਨੂੰ ਸ. ਨਰਸਿੰਗ ਦਾਸ ਪੁੱਤਰ ਕ੍ਰਿਪਾ ਰਾਮ ਮਾਤਾ ਧੰਨ ਦੇਵੀ ਸਦੀਵੀ ਵਿਛੋੜਾ ਦੇ ਗਏ। ਆਪ 1907 'ਚ ਰਾਵਲ ਪਿੰਡੀ ਦੇ ਦੰਗਿਆ 'ਚ ਸ਼ਮੂਲੀਅਤ ਦੇ ਦੋਸ਼ ਕਰਕੇ ਛੇ ਮਹੀਨੇ ਰਾਵਲ ਪਿੰਡੀ ਜੇਲ੍ਹ ਕੱਟੀ।

12 ਸਤੰਬਰ 1949 ਨੂੰ ਸ.ਸਾਮਾ ਸਿੰਘ ਪੁੱਤਰ ਸ.ਬੁੱਧ ਸਿੰਘ ਸਦੀਵੀ ਵਿਛੋੜਾ ਦੇ ਗਏ ਆਪ V.P.O. ਨੌਸ਼ਿਹਰਾ ਡੱਲਾ, ਤਰਨ ਤਾਰਨ (ਅੰਮ੍ਰਿਤਸਰ) ਤੋਂ ਸਨ। ਗੁਰੂ ਕੇ ਮੋਰਚੇ 'ਚ ਸ਼ਮੂਲੀਅਤ ਕਰਕੇ ਇੱਕ ਸਾਲ ਮੁਲਤਾਨ ਅਤੇ ਅਟਕ ਜੇਲ੍ਹ ਦੀ ਯਾਤਰਾ ਕੀਤੀ।

13 ਸਤੰਬਰ 1924 ਨੂੰ ਸ.ਪ੍ਰੀਤਮ ਸਿੰਘ ਪੁੱਤਰ ਸ.ਤਖਤ ਸਿੰਘ ਮਾਤਾ ਹਰਨਾਮ ਕੌਰ ਸਦੀਵੀ ਵਿਛੋੜਾ ਦੇ ਗਏ। ਆਪ ਜ਼ਿਲ੍ਹਾ ਫਿਰੋਜ਼ਪੁਰ ਤੋਂ ਸਨ ਜੈਤੋਂ ਦੇ ਮੋਰਚੇ ਅਤੇ ਗੁਰੂ ਕੇ ਬਾਗ਼ ਮੋਰਚੇ 'ਚ ਸ਼ਾਮਲ ਹੋਏ ਜੇਲ੍ਹ 'ਚ ਹੀ ਦਮ ਤੋੜ ਗਏ।

13 ਸਤੰਬਰ 1929 ਨੂੰ ਸ.ਜਤਿੰਦਰ ਨਾਥ ਦਾਸ ਪੁੱਤਰ ਬੰਕਿਮ ਬਿਹਾਰੀ ਦਾਸ 63 ਦਿਨ ਦੀ ਜੇਲ੍ਹ ਵਿੱਚ ਭੁੱਖ ਹੜਤਾਲ ਤੋਂ ਬਾਅਦ ਸ਼ਹਾਦਤ ਦਾ ਜਾਮ ਪੀ ਗਏ। ਆਪ ਸ਼ਹੀਦ ਭਗਤ ਸਿੰਘ ਦੇ ਯੁੱਧ ਸਾਥੀ ਸਨ। 13 ਸਤੰਬਰ 1960 ਨੂੰ ਸ.ਲਿੱਧੀ ਰਾਮ ਪੁੱਤਰ ਸ.ਊਦੀ V.P.O. ਨਰਵਾਣਾ (ਕਾਂਗੜਾ) ਹਿਮਾਚਲ ਸਦੀਵੀ ਵਿਛੋੜਾ ਦੇ ਗਏ।ਆਪ I.E. & I.N.A. 'ਚ ਬਤੌਰ ਸਿਪਾਹੀ ਦੇਸ਼ ਹਿੱਤ ਲਈ ਲੜੇ।

14 ਸਤੰਬਰ 1944 ਨੂੰ ਸ.ਭਗਤ ਸਿੰਘ ਪੁੱਤਰ ਸ.ਪਿਆਰਾ ਸਿੰਘ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਆਪ I.N.A. ਦੇ ਬਰਮਾਂ ਫ਼ਰੰਟ 'ਚ ਲੜੇ। ਜਿੱਗਰ ਕੱਚਾ ਕੈਂਪ ਦੀ ਜੇਲ੍ਹ ਕੱਟੀ।

15 ਸਤੰਬਰ 1871 ਨੂੰ (1) ਸੰਤ ਲਹਿਣਾ ਸਿੰਘ (2) ਸੰਤ ਫਤਿਹ ਸਿੰਘ (3) ਸੰਤ ਹਾਕਮ ਸਿੰਘ ਪਟਵਾਰੀ (4) ਸੰਤ ਬੀਹਲਾ ਸਿੰਘ ਬੇਰਹਿਮ ਅੰਗਰੇਜ਼ ਸਰਕਾਰ ਨੇ ਸ਼ਰੇਆਮ ਅੰਮ੍ਰਿਤਸਰ ਵਿਖੇ ਫਾਹੇ ਲਾਏ, ਆਪ ਚਾਰੇ ਨਾਮਧਾਰੀ ਕੂਕੇ ਸਿੰਘ ਸਨ। ਦੋਸ਼, ਦਰਬਾਰ ਸਾਹਿਬ ਲਾਗੇ ਬੁੱਚੜਾਂ ਦੀਆਂ ਦੁਕਾਨਾਂ ਬੰਦ ਕਰਾਉਂਣ ਲਈ ਬੁੱਚੜਾਂ ਦੇ ਕਤਲ ਕੀਤੇ। 1871 ਈ. ਸਤੰਬਰ ਮਹੀਨੇ ਦੇ ਦੂਸਰੇ ਹਫਤੇ 'ਚ ਕੂਕਾ ਸੰਤ ਬਿਸ਼ਨ ਸਿੰਘ ਸਰਾਫ਼ ਨੂੰ ਵੀ ਝੂਠੇ ਮੁਕੱਦਮੇ ਤਹਿਤ ਲਾਹੌਰ ਵਿੱਚ ਫ਼ਾਂਸੀ ਦਿੱਤੀ। ਅਸਲ ਕਸੂਰ ਇਹ ਹੀ ਸੀ ਕਿ ਉਨ੍ਹਾਂ ਮਲਕਾ ਦਾ ਤਾਜ਼ ਬਣਾਉਣ ਤੋਂ ਨਾਂਹ ਕੀਤੀ ਸੀ।

17 ਸਤੰਬਰ 1924 ਨੂੰ ਭਾਈ ਗਿਆਨ ਸਿੰਘ ਪੁੱਤਰ ਸ.ਦੇਵਾ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਜੈਤੋਂ ਦੇ ਮੋਰਚੇ ਦੇ ਸਿਰੜੀ ਯੋਧੇ ਸਨ।

17 ਸਤੰਬਰ 1949 ਨੂੰ ਸ.ਧਨੀ ਸਿੰਘ ਪੁੱਤਰ ਸ.ਨਿਹਾਲਾ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਧਰਮਸਾਲਾ ਹਮੀਰਪੁਰ (ਕਾਂਗੜਾ) ਤੋਂ I.E. and I.N.A. ਦੇ ਸਿਪਾਹੀ ਸਨ ਦੇਸ਼ ਹਿੱਤ ਲਈ ਲੜੇ ।

18 ਸਤੰਬਰ 1951 ਨੂੰ ਸ.ਦਲੀਪ ਸਿੰਘ ਪੁੱਤਰ ਸ.ਅਨੋਖ ਸਿੰਘ ਬੀਬੀ ਰਾਜ ਕੌਰ V. & PO. ਸਿੱਧਵਾਂ ਕਲਾਂ ਜਗਰਾਉਂ (ਲੁਧਿਆਣਾ) ਆਪ I.E. and I.N.A. ਦੇ ਦੇਸ਼ ਹਿਤੈਸ਼ੀ ਸਿਪਾਹੀ ਸਨ। 18 ਸਤੰਬਰ 1962 ਨੂੰ ਸ.ਹਰਨਾਮ ਸਿੰਘ ਟੁੰਡੀਲਾਟ ਪੁੱਤਰ ਸ.ਗੁਰਦਿੱਤ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਤੋਂ ਸੰਨ 1906 ਵਿੱਚ ਕੈਨੇਡਾ ਪਹੁੰਚੇ। ਬਾਅਦ 'ਚ ਅਮਰੀਕਾ ਗਏ। ਆਪ ਗ਼ਦਰ ਪਾਰਟੀ ਦੇ ਫਾਊਂਡਰ ਆਗੂ ਸਨ। ਲਿਖਾਰੀ ਅਤੇ ਕਵੀ ਸਨ। ਹਿੰਦੋਸਤਾਨ ਦੀ ਆਜ਼ਾਦੀ ਲਈ ਸਭ ਸੁੱਖ ਸਹੂਲਤਾਂ ਛੱਡਕੇ 1914 ਨੂੰ ਦੇਸ਼ ਪਰਤੇ। ਆਖ਼ਰੀ ਸਾਹ ਤੱਕ ਦੇਸ਼ ਹਿੱਤ ਲਈ ਤੱਤਪਰ ਰਹੇ।

18 ਸਤੰਬਰ 1971 ਨੂੰ ਸ.ਪਿਆਰਾ ਸਿੰਘ ਲੰਗੇਰੀ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਆਪ 1906 'ਚ ਅਮਰੀਕਾ ਪਹੁੰਚੇ ਹਲਾਤ ਅਨੁਕੂਲ ਨਾ ਹੋਣ ਕਾਰਨ ਕੈਨੇਡਾ ਪਹੁੰਚੇ। ਵਿਕਟੋਰੀਆ ਗੁਰਦੁਆਰੇ ਦੇ ਗਰੰਥੀ ਰਹੇ, ਗ਼ਦਰ ਪਾਰਟੀ ਦੇ ਮੈਂਬਰ ਬਣੇ, 1915 'ਚ ਦੇਸ਼ ਵਾਪਿਸੀ, ਆਜ਼ਾਦੀ ਦੀ ਜੰਗ 'ਚ ਗੁਰਦੁਆਰਾ ਸੁਧਾਰ ਲਹਿਰ ਜੈਤੋਂ ਦੇ ਮੋਰਚੇ ਦੋ ਸਾਲ ਜੇਲ੍ਹ ਯਾਤਰਾ ਕੀਤੀ, 1921 ਦੀ S.G.P.C. ਦੇ ਮੈਂਬਰ ਸਨ।

19 ਸਤੰਬਰ 1924 ਸ.ਜੀਵਨ ਸਿੰਘ ਪਿੰਡ ਭੱਠਲ ਭਾਈਕੇ ਜੈਤੋਂ ਦੇ ਮੋਰਚੇ 'ਚ ਗ੍ਰਿਫਤਾਰ ਹੋਣ ਤੇ ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ।

20 ਸਤੰਬਰ 1924 ਨੂੰ ਸ.ਰਣਯੋਧ ਸਿੰਘ ਪਿੰਡ ਭਾਗਲੇਵਾਲਾ, ਮੋਗਾ (ਫਿਰੋਜ਼ਪੁਰ) ਆਪ ਜੈਤੋਂ ਦੇ ਮੋਰਚੇ ਦੀ ਸ਼ਮੂਲੀਅਤ 'ਚ ਨਾਭਾ ਬੀੜ 'ਚ ਸਦੀਵੀ ਵਿਛੋੜਾ ਦੇ ਗਏ।

20 ਸਤੰਬਰ 1928 ਨੂੰ ਸ.ਨਰਾਇਣਾ ਗੁਰੂ ਪਿੰਡ ਚਿੰਪਾ ਝਾਂਤੀ ਤਰਵਿੰਦਰਮ (ਕੇਰਲ) ਸਦੀਵੀ ਵਿਛੋੜਾ ਦੇ ਗਏ। ਆਪ ਸਮਾਜ ਦੀਆਂ ਅਣਮਨੁੱਖੀ ਧਾਰਨਾਵਾਂ ਦੇ ਵਿਰੋਧ 'ਚ ਲੜੇ। ਇੰਨ੍ਹਾਂ ਦਾ ਨਾਹਰਾ ਸੀ ਸੰਗਠਨ ਦੁਆਰਾ ਸ਼ਕਤੀ, ਸਿਖਿਆ ਦੁਆਰਾ ਸੁਤੰਤਰਤਾ। ਜੋ ਅੰਗਰੇਜ਼ ਵਿਰੁੱਧ ਚੁਨੌਤੀ ਸੀ ।

20 ਸਤੰਬਰ 1942 ਨੂੰ ਭੈਣ ਕਾਂਤਾ ਲਤਾ ਬਰੂਆ 'ਭਾਰਤ ਛੱਡੋ ਅੰਦੋਲਨ' ਦੌਰਾਨ ਪੁਲੀਸ ਸਟੇਸ਼ਨ ਉੱਪਰ ਤਿਰੰਗਾ ਝੰਡਾ ਲਹਿਰਾਉਂਦੇ ਸਮੇਂ ਪੁਲੀਸ ਫ਼ਾਇਰਿੰਗ ਨਾਲ ਸ਼ਹੀਦ ਹੋ ਗਏ।

20 ਸਤੰਬਰ 1946 ਨੂੰ ਸ.ਭਗਤ ਸਿੰਘ ਪੁੱਤਰ ਸ.ਸੁਰਜਨ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਨੇ ਜੈਤੋਂ ਦੇ ਮੋਰਚੇ ਅਤੇ ਗੁਰੂ ਕੇ ਬਾਗ਼ ਮੋਰਚੇ 'ਚ ਤਿੰਨ ਸਾਲ ਅਟਕ, ਨਾਭਾ ਬੀੜ ਅਤੇ ਹੁਸ਼ਿਆਰਪੁਰ ਸਖ਼ਤ ਜੇਲ੍ਹ ਕੱਟੀ।

21 ਸਤੰਬਰ 1924 ਨੂੰ ਮਿਲਖਾ ਸਿੰਘ ਪੁੱਤਰ ਸ.ਰਤਨ ਸਿੰਘ ਮਾਤਾ ਬਿਸ਼ਨ ਕੌਰ ਸਦੀਵੀ ਵਿਛੋੜਾ ਦੇ ਗਏ। ਆਪ ਨੇ ਜੈਤੋਂ ਮੋਰਚੇ 'ਚ ਹਿੱਸਾ ਲਿਆ ਅਤੇ ਨਾਭਾ ਬੀੜ ਜੇਲ੍ਹ ਦੀ ਯਾਤਰਾ ਕੀਤੀ। 21 ਸਤੰਬਰ 1924 ਨੂੰ ਸ.ਸੁੱਖਾ ਸਿੰਘ ਸਦੀਵੀ ਵਿਛੋੜਾ ਦੇ ਗਏ ਆਪ ਪਿੰਡ ਯਮਨ ਤੋਂ ਸਨ। ਜੈਤੋਂ ਦੇ ਮੋਰਚੇ ਵਿੱਚ ਸ਼ਾਮਲ ਹੋਏ ਨਾਭਾ ਬੀੜ ਜੇਲ੍ਹ

'ਚ ਆਖ਼ਰੀ ਸਾਹ ਲਿਆ। 21 ਸਤੰਬਰ 1954 ਨੂੰ ਸ.ਭਾਗ ਸਿੰਘ ਵਕੀਲ ਪੁੱਤਰ ਸ. ਸੁੰਦਰ ਸਿੰਘ ਰਾਮਗੜ੍ਹੀਆ ਸਦੀਵੀ ਵਿਛੋੜਾ ਦੇ ਗਏ। ਸਿੱਖ ਹਿਤੈਸ਼ੀ ਤੇ ਅੰਗਰੇਜ਼ ਰਾਜ ਵਿਰੁੱਧ ਸਨ ਗੁਰਦੁਆਰਾ ਸੁਧਾਰ ਲਹਿਰ ਦੇ ਸੰਘਰਸ਼ 'ਚ ਜੇਲ੍ਹ ਯਾਤਰਾ ਕੀਤੀ।

22 ਸਤੰਬਰ 1916 ਨੂੰ ਸ.ਨਰੰਜਣ ਸਿੰਘ ਪੁੱਤਰ ਸ.ਜਵਾਲਾ ਸਿੰਘ ਪਹਿਲੇ ਮਾਂਡਲੇ ਕੇਸ ਵਿੱਚ ਫ਼ਾਂਸੀ ਹੋਈ। ਆਪ ਪਿੰਡ ਸੰਗਤਪੁਰ ਜਗਰਾਉਂ ਜ਼ਿਲ੍ਹਾ ਲੁਧਿਆਣਾ ਤੋਂ ਸਨ, ਸਿਆਮ (ਮਾਂਡਲੇ) 'ਚ ਗ਼ਦਰ ਮੂਵਮੈਂਟ ਦੇ ਆਗੂ ਸਨ।

22 ਸਤੰਬਰ 1947 ਨੂੰ ਸ.ਨੰਦ ਸਿੰਘ ਪੁੱਤਰ ਹਰਦਿੱਤ ਸਿੰਘ ਮਾਤਾ ਕਾਹਨ ਕੌਰ ਸਦੀਵੀ ਵਿਛੋੜਾ ਦੇ ਗਏ। ਆਪ Vill. & PO. ਸਤੌਰ (ਹੁਸ਼ਿਆਰਪੁਰ) ਤੋਂ ਸਨ, ਗੁਰੂ ਕੇ ਬਾਗ਼ ਮੋਰਚੇ 'ਚ ਹਿੱਸਾ ਲਿਆ ਇੱਕ ਸਾਲ ਅਟਕ ਜੇਲ੍ਹ ਯਾਤਰਾ ਕੀਤੀ।

24 ਸਤੰਬਰ 1924 ਨੂੰ ਸ.ਮੰਗਲ ਸਿੰਘ ਪੁੱਤਰ ਸ.ਬਿਸ਼ਨ ਸਿੰਘ ਮਾਤਾ ਜਵਾਲਾ ਦੇਵੀ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਬਾਲਕਸਰ ਜ਼ਿਲ੍ਹਾ ਜੇਹਲਮ ਤੋਂ ਜੈਤੋਂ ਦੇ ਮੋਰਚੇ #5 ਵੇਂ ਦੇ ਮੈਂਬਰ ਸਨ ਅਤੇ ਨਾਭਾ ਬੀੜ ਜੇਲ੍ਹ ਯਾਤਰਾ ਕੀਤੀ।

25 ਸਤੰਬਰ 1958 ਨੂੰ ਸ.ਤਾਰਾ ਚੰਦ ਪੁੱਤਰ ਸ.ਰਾਮ ਰੱਖਾ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਥਾਨਾ ਡਾਕਖਾਨਾ ਹਰਚੱਕੀਆ ਜ਼ਿਲ੍ਹਾ ਕਾਂਗੜਾ ਤੋਂ I.A. ਅਤੇ I.N.A. ਦੇ ਫੌਜੀ ਸਨ ।

25 ਸਤੰਬਰ 1986 ਨੂੰ ਸ.ਦਰਸ਼ਨ ਸਿੰਘ ਕੈਨੇਡੀਅਨ ਪੁੱਤਰ ਸ.ਦੇਵਾ ਸਿੰਘ ਸੰਘਾ ਮਾਤਾ ਰਾਓ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਲੰਗੇਰੀ ਲਾਗੇ ਮਹਿਲਪੁਰ (ਹੁਸ਼ਿਆਰਪੁਰ) ਤੋਂ ਸਨ। ਆਪ ਕੈਨੇਡਾ ਤੋਂ ਵਾਪਸ ਦੇਸ਼ ਆਜ਼ਾਦ ਕਰਾਉਣ ਆਏ, ਕਿਸਾਨਾਂ ਮਜਦੂਰਾਂ ਦੇ ਮੁਜੱਸਮੇ ਸਨ। ਸਮਾਜ ਵਿਰੋਧੀ ਸਿਰ ਫਿਰਿਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ।

27 ਸਤੰਬਰ 1956 ਨੂੰ ਸ.ਫੱਤਣ ਸਿੰਘ ਪੁੱਤਰ ਸ.ਚੈਨ ਸਿੰਘ (ਸੁੱਖ) ਮਾਤਾ ਰਾਮ ਬਾਈ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਦਰਬਾਰੀਪੁਰ (ਗੁੜਗਾਉਂ) ਤੋਂ I.E. and I.N.A. 'ਚ ਕੈਪਟਨ ਰੈਂਕ ਦੇ ਅਤੇ ਆਜ਼ਾਦ ਬ੍ਰਿਗੇਡ ਅਫਸਰ ਸਨ। Pow ਹੋਏ ਬੈਂਕਾਕ ਤੇ ਜਿੱਗਰ ਕੈਂਪ ਜੇਲ੍ਹ ਕੱਟੀ। 27 ਸਤੰਬਰ 1955 ਨੂੰ ਸ.ਸਾਵਾ ਸਿੰਘ ਉਰਫ਼ ਸ.ਕਿਸ਼ਨ ਸਿੰਘ ਪੁੱਤਰ ਸ.ਭਾਮਾ ਸਿੰਘ ਸਦੀਵੀ ਵਿਛੋੜਾ ਦੇ ਗਏ ਆਪ ਪਿੰਡ ਭੋਰਸ਼ੀ ਬ੍ਰਾਹਮਣਾ (ਅੰਮ੍ਰਿਤਸਰ) ਤੋਂ ਸਨ। ਜੈਤੋਂ ਦੇ ਮੋਰਚੇ #6ਵੇਂ 'ਚ ਸ਼ਮੂਲੀਅਤ ਕੀਤੀ ਤੇ ਨਾਭਾ ਬੀੜ ਦੀ ਜੇਲ੍ਹ ਕੱਟੀ।

28 ਸਤੰਬਰ 1924 ਨੂੰ ਸ.ਇੰਦਰ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਲੋਹਕੇ ਜ਼ਿਲ੍ਹਾ ਲਾਇਲਪੁਰ ਤੋਂ ਸਨ। ਜੈਤੋਂ ਦੇ #5ਵੇਂ ਮੋਰਚੇ 'ਚ ਸ਼ਮੂਲੀਅਤ ਕੀਤੀ।

29 ਸਤੰਬਰ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਕੈਨੇਡਾ ਤੋਂ ਵਾਪਿਸ ਆ ਕੇ ਕਲਕੱਤੇ ਦੀ ਬੰਦਰਗਾਹ ਤੋਂ ਦੂਰ ਬੱਜਬੱਜ ਘਾਟ ਤੇ ਰੋਕ ਲਿਆ ।ਫ਼ਰੰਗੀਆਂ ਨੇ 19 ਬੇਦੋਸ਼ ਨਿਹੱਥੇ ਯਾਤਰੀਆਂ ਨੂੰ ਗੋਲੀਆਂ ਨਾਲ ਮਾਰਕੇ ਸ਼ਹੀਦ ਕਰ ਦਿੱਤਾ ।ਜਿੰਨ੍ਹਾਂ 'ਚ 13 ਪੰਜਾਬੀ ,ਇੱਕ ਬੰਗਾਲੀ ਦੁਕਾਨਦਾਰ ਤੇ ਇੱਕ ਉੜੀਆ ਮਜ਼ਦੂਰ ਵੀ ਸੀ ।ਸ. ਸ਼ੀਹਾਂ ਸਿੰਘ, ਬੂੜ ਸਿੰਘ, ਸ਼ਿਵ ਸਿੰਘ, ਇੰਦਰ ਸਿੰਘ, ਅਰਜਨ ਸਿੰਘ, ਲਛਮਣ ਸਿੰਘ, ਨਰਾਇਣ ਸਿੰਘ, ਰੂੜ ਸਿੰਘ, ਭਜਨ ਸਿੰਘ, ਚੰਨਣ ਸਿੰਘ, ਪੰਡਿਤ ਗੋਧੀ ਰਾਮ, ਮਸਤਾਨ ਸਿੰਘ, ਕੇਹਰ ਸਿੰਘ, ਰਤਨ ਸਿੰਘ, ਟਹਿਲ ਸਿੰਘ, ਈਸ਼ਵਰ ਸਿੰਘ, ਕਾਕਡ ਸਿੰਘ, ਇੰਦਰ ਸਿੰਘ, ਭਗਤ ਸਿੰਘ, ਭੈਣ ਰੁਕਮਨੀ ਕਾਂਤਾ ਮਜ਼ੂਮਦਾਰ ਅਤੇ ਦੀਨ ਬੰਧੂ ਸ਼ਹੀਦ ਹੋਏ ।

29, ਸਤੰਬਰ 1932 ਨੂੰ ਮਿੱਸ ਪ੍ਰੀਤੀ ਲਤਾ ਵਾਡੇਕਰ ਪੁੱਤਰੀ ਸ.ਪ੍ਰਾਤੀ ਦਾਮੀਦ ਵਾਡੇਕਰ ਸ਼ਹੀਦੀ ਪਾ ਗਏ। ਜਗਬਧ ਸਥਾਨ ਢਾਕਾ (ਬੰਗਾਲ) 'ਚ ਜਨਮ ਹੋਇਆ। ਜਲ੍ਹਿਆਂ ਵਾਲੇ ਖ਼ੂੰਨੀ ਸਾਕੇ ਨੇ ਉਸਦਾ ਮੰਨ ਵਲੂੰਧਰ ਕੇ ਰੱਖ ਦਿੱਤਾ। ਆਪ ਨੇ ਪਹਾੜ ਤਲੀ ਅੰਗਰੇਜ਼ ਡਾਂਸ ਕਲੱਬ ਉੱਪਰ ਬੰਬ ਸੁੱਟਿਆ ਆਪ ਵੀ ਜਖ਼ਮੀ ਹੋਏ ਅਤੇ ਚਿਟਾਗਾਂਗ ਪੁਲਿਸ ਮੁਕਾਬਲੇ 'ਚ ਦਮ ਤੋੜ ਗਏ। 29 ਸਤੰਬਰ 1949 ਨੂੰ ਪ੍ਰੇਮ ਸਿੰਘ ਪ੍ਰੇਮ ਜੋ ਪਿੰਡ ਸਰਾਭਾ ਲੁਧਿਆਣਾ ਤੋਂ ਸਨ। ਪੁਲੀਸ ਦੇ ਤਸ਼ੱਦਦ ਕਾਰਨ ਸਦੀਵੀ ਵਿਛੋੜਾ ਦੇ ਗਏ ਸਨ। ਕਲਕੱਤੇ ਦੀ ਅੰਗਰੇਜ਼ ਵਿਰੋਧੀ ਨੌਜਵਾਨ ਭਾਰਤ ਸਭਾ 'ਚ ਸਰਗਰਮ ਸਨ। ਅਗਾਂਹ-ਵਧੂ ਕਵੀ ਸਨ, ਕਵੀ ਕੁਟੀਆ ਦੇ ਮੈਂਬਰ ਕਵੀ ਪਰੈਸ ਦੇ ਆਪਾ ਵਾਰਨ ਵਾਲੇ ਮੈਂਬਰ ਸਨ।

### ਸਤੰਬਰ ਮਹੀਨੇ ਦੇ ਹੋਰ ਸੰਗਰਾਮੀ ਤੇ ਸ਼ਹੀਦ ਯੋਧੇ

ਸਤੰਬਰ 1924 ਨੂੰ ਸ.ਜੁਝਾਰ ਸਿੰਘ ਪੁੱਤਰ ਸ.ਲਹਿਣਾ ਸਿੰਘ ਮਾਤਾ ਹੁਕਮੀ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਗੇਰਾ ਹਾਜੀਪੁਰ, ਹੁਸ਼ਿਆਰਪੁਰ ਤੋਂ ਜੈਤੋਂ ਦੇ ਮੋਰਚੇ 7 'ਚ ਸ਼ਾਮਲ ਹੋਏ। ਸਤੰਬਰ 1924 ਨੂੰ ਸ.ਉਜਾਗਰ ਸਿੰਘ ਪੁੱਤਰ ਸ.ਝੰਡਾ ਸਿੰਘ ਮਾਤਾ ਜੁਆਲੀ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਭਾਗੋਵਾਲ ਜ਼ਿਲ੍ਹਾ ਗੁਰਦਾਸਪੁਰ ਤੋਂ ਜੈਤੋਂ ਅਤੇ ਗੁਰੂ ਕੇ ਬਾਗ਼ ਮੋਰਚੇ 'ਚ ਸ਼ਾਮਲ ਹੋਏ। ਨਾਭਾ ਬੀੜ ਦੀ ਜੇਲ੍ਹ ਯਾਤਰਾ ਕੀਤੀ।

ਸਤੰਬਰ 1930 ਨੂੰ ਸ.ਬਖ਼ਤਾਬਰ ਸਿੰਘ (ਗਾਬਰ ਸਿੰਘ) ਪੁੱਤਰ ਸ.ਇੰਦਰ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਗੁੱਜਰਵਾਲ (ਲੁਧਿਆਣਾ) ਤੋਂ ਸਨ। 1914 'ਚ ਅਮਰੀਕਾ ਤੋਂ ਗ਼ਦਰ ਕਰਨ ਲਈ ਹਿੰਦੋਸਤਾਨ ਪਹੁੰਚੇ, D.I.A. ਕਾਨੂੰਨ ਤਹਿਤ ਪੰਜ ਸਾਲ ਕੈਦ 1918 'ਚ ਬਾਹਰ ਆ ਕੇ ਅਕਾਲੀ ਮੂਵਮੈਂਟ 'ਚ ਸਰਗਰਮ ਰਹੇ।

ਸਤੰਬਰ 1943 ਨੂੰ ਸ.ਭਾਈ ਰਤਨ ਸਿੰਘ ਰਾਏਪੁਰ ਡੱਬਾ ਪੁੱਤਰ ਸ.ਨਿਹਾਲ ਸਿੰਘ ਬਿਲਨ ਇਟਲੀ (ਰੋਮ)'ਚ ਸਦੀਵੀ ਵਿਛੋੜਾ ਦੇ ਗਏ। 1907 'ਚ ਕੈਨੇਡਾ ਪਹੁੰਚੇ ਸਨ। ਆਪ ਨੇ ਅੰਗਰੇਜ਼ ਵਿਰੁੱਧ ਵੱਖ-ਵੱਖ ਨਾਵਾਂ ਹੇਠ ਕੰਮ ਕੀਤਾ।

ਸਤੰਬਰ 1944 ਨੂੰ ਸ.ਗੁਰਨਾਮ ਸਿੰਘ ਪੁੱਤਰ ਸਾਹਿਬ ਸਿੰਘ ਮਾਤਾ ਰਤਨ ਕੌਰ ਸਦੀਵੀ ਵਿਛੋੜਾ ਦੇ ਗਏ। ਆਪ ਨੇ ਫੇਰੂ ਮੋਰਚੇ, ਸਤਿਆਗ੍ਰਹਿ ਅਤੇ Q.I.M. ਮੂਵਮੈਂਟ 'ਚ ਹਿੱਸਾ ਲਿਆ। ਦੋ ਸਾਲ ਸੱਤ ਮਹੀਨੇ ਜੇਲ੍ਹ ਕੱਟੀ 'ਤੇ ਝੂਠੇ ਕੇਸ 'ਚ ਫਸਾਕੇ ਲੁਧਿਆਣਾ ਜੇਲ੍ਹ ਚ ਫ਼ਾਂਸੀ ਦਿੱਤੀ।

ਸਤੰਬਰ 1944 ਨੂੰ ਸ.ਹਾਫ਼ਿਜ਼ ਉਲ੍ਹਾ ਪਿੰਡ ਗੁਲਮਾਂ ਪੰਡਾ ਜ਼ਿਲ੍ਹਾ ਹਰੀਪੁਰ ਹਜ਼ਾਰਾ ਯੇਨ ਐਕਸ਼ਨ 'ਚ ਸ਼ਹੀਦ ਹੋਏ।

ਸਤੰਬਰ 1944 ਨੂੰ ਸ.ਹਰੀ ਸਿੰਘ ਪਿੰਡ ਮਿਸਰੀ, ਦਾਲੀਮਾ ਦਦਰੀ (ਮੁਹਿੰਦਰਗੜ੍ਹ) I.N.A. ਦੇ ਕਲੇਵਾ ਐਕਸ਼ਨ 'ਚ ਸ਼ਹੀਦ ਹੋਏ।

ਸਤੰਬਰ 1947 ਨੂੰ ਸ.ਡੈਂਗ, ਦੇਵੀ ਦਿਆਲ ਪੁੱਤਰ ਸ.ਗਣਪੱਤ ਰਾਏ ਸਦੀਵੀ ਵਿਛੋੜਾ ਦੇ ਗਏ। ਆਪ ਅੰਗਰੇਜ਼ ਰਾਜ ਵਿਰੁੱਧ ਆਜ਼ਾਦੀ ਲਈ ਪਰਚੇ ਛਾਪਣ ਦੇ ਦੋਸ਼ ਵਿੱਚ ਛੇ ਮਹੀਨੇ ਜੇਲ੍ਹ ਕੱਟੀ।

ਸਤੰਬਰ 1947 ਨੂੰ ਸ. ਦਸੋਂਧਾ ਸਿੰਘ ਪੁੱਤਰ ਸ.ਮੁਨਸ਼ੀ ਮਾਤਾ ਹਰ ਕੌਰ ਸਦੀਵੀ ਵਿਛੋੜਾ ਦੇ ਗਏ। ਪਿੰਡ ਮਹਿੰਗਰੋਵਾਲ (ਹੁਸ਼ਿਆਰਪੁਰ) ਤੋਂ ਸਨ। ਗੁਰੂ ਕੇ ਬਾਗ਼ ਮੋਰਚੇ 'ਚ ਸ਼ਮੂਲੀਅਤ ਤੇ ਢਾਈ ਸਾਲ ਕੈਂਪਵੈੱਲ ਜੇਲ੍ਹ ਯਾਤਰਾ ਕੀਤੀ।

ਸਤੰਬਰ 1953 ਨੂੰ ਸ.ਜਗੀਰ ਸਿੰਘ ਪੁੱਤਰ ਸ.ਮੁਕੰਦ ਸਿੰਘ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਖਨੌੜਾ P.O. ਠੋਹਾਣਾ (ਹਿਸਾਰ) ਤੋਂ I.A. ਅਤੇ I.N.A. ਦੇ ਤੀਸਰੇ ਗੁਰੀਲਾ ਰੈਜ਼ੀਮੈਂਟ 'ਚ ਸਨ। ਦਿੱਲੀ ਜੇਲ੍ਹ ਦੀ ਯਾਤਰਾ ਕੀਤੀ। ਸਤੰਬਰ 1953 ਨੂੰ ਸ.ਸ਼ਾਨੂੰ ਰਾਮ ਪੁੱਤਰ ਸ.ਗੋਕਲ ਰਾਮ ਮਾਤਾ ਪ੍ਰਭੀ ਦੇਵੀ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਗੋਵਾਰੂ ਤਹਿਸੀਲ ਹਮੀਰਪੁਰ ਜ਼ਿਲ੍ਹਾ ਕਾਂਗੜਾ ਤੋਂ I.A. 'ਤੇ I.N.A.ਦੇ ਫੌਜੀ ਸਨ।

ਸਤੰਬਰ 1955 ਨੂੰ ਸ.ਵਡਭਾਗ ਸਿੰਘ ਪੁੱਤਰ ਸ.ਕਿਸ਼ਨ ਸਿੰਘ ਸਦੀਵੀ ਵਿਛੋੜਾ ਦੇ ਗਏ।ਆਪ ਪਿੰਡ ਚੱਕ# 71 ਲਾਇਲਪੁਰ ਤੋਂ ਜੈਤੋਂ ਦੇ ਪਹਿਲੇ ਮੋਰਚੇ 'ਚ ਸ਼ਾਮਲ ਹੋਏ। ਦੋ ਸਾਲ ਲੰਡੀ ਕੋਟਲ 'ਤੇ ਨਾਭਾ ਬੀੜ ਦੀ ਜੇਲ੍ਹ ਯਾਤਰਾ ਕੀਤੀ।

ਸਤੰਬਰ 1956 ਨੂੰ ਸ.ਮੰਗਤ ਰਾਮ ਪੁੱਤਰ ਸ.ਸ਼ਿਵ ਦਿੱਤਾ ਰਾਮ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਘਣੇਟਾ ਡਾਕਖਾਨਾ ਡਰੇਂਗ, ਪਾਲਮਪੁਰ (ਕਾਂਗੜਾ) ਤੋਂ I.N.A. ਦੇ ਸੁਤੰਤਰਤਾ ਸੈਲਾਨੀ ਸਨ। ਇੰਫ਼ਾਲ ਦੀ ਲੜਾਈ 'ਚ ਯੋਗਦਾਨ ਤੇ ਮਾਂਡਲੇ ਜੇਲ੍ਹ ਯਾਤਰਾ ਕੀਤੀ।

ਸਤੰਬਰ 1958 ਨੂੰ ਭਾਈ ਭਗਵਾਨ ਸਿੰਘ ਦੁਸਾਂਝ ਪੁੱਤਰ ਸ.ਦੇਵਾ ਸਿੰਘ ਸਦੀਵੀ ਵਿਛੋੜਾ ਦੇ ਗਏ 1907 'ਚ ਆਪ ਕੈਨੇਡਾ ਪਹੁੰਚੇ 28 Sept. 1924 ਅੰਮ੍ਰਿਤਸਰ ਪੁੱਜਕੇ ਗੁਰਦੁਆਰਾ ਸੁਧਾਰ ਲਹਿਰ 'ਚ ਸ਼ਮੂਲੀਅਤ ਕੀਤੀ। ਆਖ਼ਰੀ ਦਮ ਤੱਕ ਕਿਸਾਨ ਮਜਦੂਰ ਦੇ ਹੱਕਾਂ ਲਈ ਲੜੇ।

ਸਤੰਬਰ 1963 ਨੂੰ ਸ.ਤਾਰਾ ਸਿੰਘ ਪੁੱਤਰ ਆਸਾ ਸਿੰਘ ਮਾਤਾ ਬੀਬੀ ਈਸ਼ਰ ਕੌਰ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਵਲਟੋਹਾ, ਪੱਟੀ ਜ਼ਿਲ੍ਹਾ ਅੰਮ੍ਰਿਤਸਰ ਤੋਂ ਸਨ। ਸਿਵਲ ਨਾ ਫੁਰਮਾਨੀ ਅਤੇ ਜੈਤੋਂ ਮੋਰਚੇ 'ਚ ਸ਼ਮੂਲੀਅਤ ਕੀਤੀ, ਨੌਂ ਮਹੀਨੇ ਮੁਲਤਾਨ ਤੇ ਨਾਭਾ ਬੀੜ ਦੀ ਯਾਤਰਾ ਕੀਤੀ।

ਕਿਰਤ ਦੀ ਮੁਕਤੀ ਲਈ,ਸੰਗਰਾਮ ਸਾਡਾ ਇਸ਼ਕ ਹੈ ਇਸ ਸਿਰਤਾਜੀ ਲਈ ਮਰ ਜਾਣਾ ਸਾਡਾ ਇਸ਼ਕ ਹੈ (ਦਰਸ਼ਨ ਖਟਕੜ)

ਤਗਮਿਆਂ ਦੀ ਥਾਂ 'ਤੇ ਹਿੱਕ ਵਿੱਚ ਗੋਲੀਆਂ
ਇਹ ਵੀ ਇੱਕ ਸਨਮਾਨ ਦਾ ਅੰਦਾਜ਼ ਹੈ(ਪਾਤਰ)

**ਬੇਨਤੀ**

**ਇੰਡੋ -ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ ਦੇ ਯਤਨ ਹਨ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਜਿਹੜੇ ਸੰਗਰਾਮੀ ਯੋਧਿਆਂ ਅਤੇ ਸ਼ਹੀਦਾਂ ਨੇ ਯੋਗਦਾਨ ਪਾਇਆ ਉਨ੍ਹਾਂ ਵਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਕੇ ਅਣਖੀ ਵਿਰਸੇ ਬਾਰੇ ਯਾਦ ਕਰਾਇਆ ਜਾਵੇ ।ਜਿਹੜੇ ਦੋਸਤਾਂ, ਮਿੱਤਰਾਂ 'ਤੇ ਚਿੰਤਕਾਂ ਨੇ ਕੜੀ 'ਚ ਸਤੰਬਰ ਮਹੀਨੇ ਦੀ ਜਾਣਕਾਰੀ ਨੂੰ ਪੂਰਾ ਕਰਨ ਲਈ ਹਿੱਸਾ ਪਾਇਆ ਅਸੀਂ ਧੰਨਵਾਦ ਕਰਦੇ ਹਾਂ। ਅਸੀਂ ਹਮੇਸ਼ਾਂ ਬੇਨਤੀ ਕਰਦੇ ਹਾਂ ਕਿ ਭੁੱਲੇ ਵਿਸਰੇ ਸ਼ਹੀਦਾਂ ਅਤੇ ਸੰਗਰਾਮੀਆਂ ਦੀ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਸਾਡੇ ਨਾਲ 1-347-753-5940 ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ ਤਾਂ ਜੋ ਉਨ੍ਹਾਂ ਸੰਗਰਾਮੀ ਤੇ ਸ਼ਹੀਦ ਯੋਧਿਆਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀਆਂ ਦਾ ਰਿਣ ਉਤਾਰਿਆ ਜਾ ਸਕੇ ।**

# ਗੁਰਮਤਿ ਵਿਚ ਬਿਬੇਕ ਦਾ ਸੰਕਲਪ ਅਤੇ ਬਿਬੇਕੀ ਰਹਿਤ

**-ਹਰਪਾਲ ਸਿੰਘ ਸੇਵਕ**

**(ਪਿਛਲੇ ਅੰਕ ਤੋਂ ਅੱਗੇ)**

ਸ਼ਿਵ ਅਤੇ ਸ਼ਕਤੀ, ਸਤਿ ਅਤੇ ਅਸਤਿ, ਬਿਬੇਕ ਅਤੇ ਅਬਿਬੇਕ ਦੋਵੇਂ ਰਚੇ ਪਰਮੇਸ਼ਰ ਦੇ ਹੀ ਹਨ। ਇਹ ਮਨ ਦੋਵਾਂ ਦਾ ਸੰਜੋਗ ਹੈ-

ਇਹੁ ਮਨੁ ਸਕਤੀ ਇਹੁ ਮਨੁ ਸੀਉ ॥
ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥
ਤਉ ਤੀਨ ਲੋਕ ਕੀ ਬਾਤੈ ਕਹੈ ॥

ਰਾਗ ਗਉੜੀ ਕਬੀਰ ਜੀ ਅੰਗ ੩੪੦

ਗੁਰੂ ਅਮਰਦਾਸ ਜੀ ਵੀ ਰਾਗ ਰਾਮਕਲੀ ਵਿਚ ਫੁਰਮਾਉਂਦੇ ਹਨ-

ਸਿਵ ਸਕਤਿ ਆਪਿ ਉਪਾਇਕੈ
ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥

ਇਹ ਮਨ ਗੁਰੂ ਮੁਖ ਹੋ ਕੇ ਮੋਹ ਮਾਇਆ ਤੋਂ ਵਿਰਕਤ ਹੋ ਕੇ ਜਦੋਂ ਪਰਮੇਸਰ ਨਾਲ ਜੁੜਦਾ ਹੈ ਤਾਂ ਅਨੁਭਵ ਗਿਆਨ ਪ੍ਰਾਪਤ ਹੁੰਦਾ ਹੈ। ਇਸੇ ਸ਼ਿਵ ਸ਼ਕਤੀ ਦੀ ਬਿਬੇਕ, ਅਬਿਬੇਕ ਦੀ ਗੁਰੂ ਸਾਹਿਬ ਇਸ ਪ੍ਰਸੰਗ ਵਿਚ ਬਹੁਤ ਸੁੰਦਰ ਵਿਆਖਿਆ ਕਰਦੇ ਹਨ। 'ਬਿਬੇਕ, ਰਾਜੇ ਦਾ ਸਰੂਪ ਉਸਦੇ ਰਥ, ਘੋੜੇ, ਝੰਡੇ ਅਤੇ ਉਸਦੀ ਸ਼ਕਤੀ ਬਾਰੇ ਲਿਖਿਆ ਹੈ-

ਸੇਤ ਛਤ੍ਰ ਸਿਰ ਧਰੇ ਸੇਤ ਬਾਜੀ ਰਥ ਰਾਜਤ।
ਸੇਤ ਸਸਤ੍ਰ ਤਨ ਸਜੇ ਨਿਰਖਿ ਸੁਰਿ ਨਰ ਭਰਮਿ ਭਾਜਤ।
ਚੰਦ ਚਕ੍ਰਿਤ ਹੈ ਰਹਤ ਭਾਨੁ ਭਵਤਾ ਲਖਿ ਭੁਲਤ।
ਭ੍ਰਮਰ ਪ੍ਰਭਾ ਲਖਿ ਭ੍ਰਮਤ ਅਸੁਰ ਸੁਰ ਨਰ ਡਗ ਡੁਲਤ।
ਇਹ ਛਬਿ ਬਿਬੇਕ ਰਾਜਾ ਨ੍ਰਿਪਤਿ
ਅਤਿ ਬਲਿਸਟ ਤਿਹ ਮਾਨੀਐ।
ਮੁਨਿ ਗਨ ਮਹੀਪ ਬੰਦਤ ਸਕਲ ਤੀਨਿ ਲੋਕ ਮਹਿ ਜਾਨੀਐ।

ਬਿਬੇਕ ਦੇ ਸਿਰ ਤੇ ਛੱਤਰ ਉਸਦੇ ਘੋੜੇ, ਬਸਤਰ, ਸ਼ਸਤਰ, ਰਥ ਤੇ ਸੋਭਦਾ ਝੰਡਾ ਸਭ ਕੁਝ ਉੱਜਲ ਸਫੈਦ ਰੰਗ ਦਾ ਹੈ। ਚੰਦ, ਸੂਰਜ ਵੀ ਉਸ ਤੇ ਤੇਜ ਅੱਗੇ ਲੱਜਿਤ ਹਨ। ਸੁਰ, ਨਰ, ਅਸੁਰ ਉਸਦੇ ਪ੍ਰਤਾਪ ਅੱਗੇ ਅਡੋਲ ਨਹੀਂ ਰਹਿ ਸੱਕਦੇ ਇਸ ਤਰ੍ਹਾਂ ਦੀ ਸੋਭਾ ਵਾਲੇ ਬਿਬੇਕ ਨੂੰ ਤਿੰਨਾਂ ਲੋਕਾਂ ਵਿਚ ਮੁਨੀ-ਜਨ, ਰਾਜੇ ਸਭ ਬੰਦਨਾਂ ਕਰਦੇ ਹਨ।

ਏਸੇ ਤਰ੍ਹਾਂ ਅਬਿਬੇਕ ਦਾ ਸਰੂਪ ਵੀ ਵਰਨਣ ਹੈ ਉਸਦੇ ਘੋੜੇ, ਰਥ, ਬਸਤ੍ਰ ਅਤੇ ਉਸਦਾ ਰੰਗ ਵੀ ਸਭ ਕੁਝ ਕਾਲਾ ਹੈ। ਕਾਲੇ ਰੰਗ ਦੇ ਹੀ ਉਸਦੇ ਅਸਤ੍ਰ ਸ਼ਸਤਰ ਹਨ-

ਅਸਿਤ ਬਰਣ ਅਬਿਬੇਕ ਅਸਿਤ ਬਾਜੀ ਰਥ ਸੋਭਤ।
ਅਸਿਤ ਬਸਤ੍ਰ ਤਿਹ ਅੰਗਿ ਨਿਰਖਿ ਨਾਰੀ ਨਰ ਲੋਭਤ।
ਅਸਿਤ ਸਾਰਥੀ ਅਗ੍ਰ ਅਸਿਤ ਆਭਰਣ ਰਥੋਤਮ।
ਅਸਿਤ ਧਨੁਖ ਕਰਿ ਅਸਿਤ ਧੁਜਾ ਜਾਨੁਕ ਪੁਰਖੋਤਮ।
ਇਹ ਛਬਿ ਨਰੇਸ ਅਬਿਬੇਕ ਨ੍ਰਿਪ ਜਗਤ ਜਯੰਕਰ ਮਾਨੀਯੈ।
ਅਨਜਿਤ ਜਾਸੁ ਕਹ ਨ ਤਜੋ ਕ੍ਰਿਸਨ ਰੂਪ ਤਿਹ ਜਾਨੀਯੈ।

ਬਿਬੇਕ ਦੇ ਰਥ ਘੋੜੇ ਆਦਿ ਸਫੈਦ-ਸਵੱਛ ਅਤੇ ਅਬਿਬੇਕ ਦੇ ਕਾਲੇ ਅਤੇ ਮਲੀਨ ਲਿਖੇ ਹਨ। ਬਿਬੇਕ ਹੈ ਸਤਿ ਅਤੇ ਅਬਿਬੇਕ ਹੈ ਅਸਤਿ । ਸਤਿ ਦਾ ਜੁਗ ਹੈ ਸਤਿਜੁਗ ਅਤੇ ਅਸਤਿ (ਝੂਠ) ਦਾ ਯੁਗ ਹੈ ਕਲਿਜੁਗ। ਕਲਿਜੁਗ ਅਤੇ ਸਤਿਜੁਗ ਦੇ ਰੰਗਾਂ ਦਾ ਸੰਕੇਤ ਸਾਨੂੰ ਆਦਿ ਗੁਰਬਾਣੀ ਚੋਂ ਵੀ ਮਿਲਦਾ ਹੈ। ਸਤਿਜੁਗ ਬਾਰੇ ਰਾਗ ਆਸਾ ਵਿਚ ਪਹਿਲੇ ਪਾਤਸ਼ਾਹ ਦਾ ਵਾਕ ਹੈ-

ਸਾਮ ਕਹੈ ਸੇਤੰਬਰ ਸੁਆਮੀ ਸਚ ਮਹਿ ਆਛੈ ਸਾਚ ਰਹੇ।

ਸਤਿਜੁਗ ਦਾ ਸਫੈਦ ਬਾਣਾ ਅਤੇ ਸੱਚ ਬੋਲਣਾ ਹੀ ਧਰਮ ਹੈ। ਅਗੇ ਪਾਰਸ ਨਾਥ ਦੇ ਪ੍ਰਸੰਗ ਵਿਚ ਬਿਬੇਕ ਅਤੇ ਅਬਿਬੇਕ ਦੇ ਸੈਨਾਪਤੀ, ਉਨ੍ਹਾਂ ਦਾ ਸਰੂਪ, ਰਥ-ਘੋੜੇ ਆਦਿ ਅਤੇ ਉਨ੍ਹਾਂ ਦੀ ਤਾਕਤ ਬਾਰੇ ਵਿਸਥਾਰ ਸਹਿਤ ਵਰਨਣ ਹੈ ਇਹ ਮਨੋਵਿਕਾਰ ਅਤੇ ਸਦ-ਗੁਣ ਹੀ ਹਨ ਏਥੇ ਕੇਵਲ ਉਨ੍ਹਾਂ ਦੇ ਨਾਮ ਹੀ ਲਿਖਦੇ ਹਾਂ- ਬਿਬੇਕ ਦੇ ਯੋਧੇ:

| | | | |
|---|---|---|---|
| 1. | ਧੀਰਜ | 11. | ਸੰਜੋਗ |
| 2. | ਬ੍ਰਤ | 12. | ਨਿਰਮੋਹ |
| 3. | ਸੰਜਮ | 13. | ਅਕਾਮ |
| 4. | ਨੇਮ | 14. | ਅਕ੍ਰੋਧ |
| 5. | ਬਿਗਿਯਾਨ | 15. | ਪਰਮ ਤੱਤ |
| 6. | ਸੰਜਮ | 16. | ਨਿਰਹੰਕਾਰ |
| 7. | ਜੋਗ | 17. | ਭਗਤਿ |
| 8. | ਅਰਚਾ | 18. | ਪ੍ਰੇਮ |
| 9. | ਪੂਜਾ | 19. | ਪਾਠ |
| 10. | ਲਾਜ | 20. | ਕਰਮ |

| | | | |
|---|---|---|---|
| 21. | ਸਿਛ | 33. | ਬਿਕ੍ਰਮ |
| 22. | ਜੱਗ | 34. | ਬੁਧਿ |
| 23. | ਪ੍ਰਬੋਧ | 35. | ਅਨੁਰਕਤਤਾ |
| 24. | ਸਤਿ | 36. | ਬਿਰਕਤਤਾ |
| 25. | ਸੰਤੋਖ | 37. | ਸਮਾਧੀ |
| 26. | ਤਪ | 38. | ਉੱਦਮ |
| 27. | ਜਾਪ | 39. | ਉਪਕਾਰ |
| 28. | ਪ੍ਰਾਣਾਯਾਮ | 40. | ਬਿਚਾਰ |
| 29. | ਧਿਆਨ | 41. | ਹੋਮ |
| 30. | ਧਰਮ | 42. | ਸਤਿਸੰਗ |
| 31. | ਸੁਭਆਚਾਰ | 43. | ਹਰਿ ਭਗਤਿ |
| 32. | ਅਨੁਮਾਨ | 44. | ਦੱਤਮੱਤ |

ਏਸੇ ਤਰ੍ਹਾਂ ਹੀ ਅਬਿਬੇਕ ਦੇ ਯੋਧੇ (ਮਨ ਦੇ ਵਿਕਾਰਾਂ) ਦਾ ਵਰਨਣ ਹੈ-

| | | | |
|---|---|---|---|
| 1. | ਕਾਮਦੇਵ | 26. | ਕੁਵ੍ਰਿਤੀ |
| 2. | ਮਦ | 27. | ਨਰਕ |
| 3. | ਗੁਮਾਨ | 28. | ਨਸੀਲ (ਵਿਗੜੇ ਸੁਭਾਅ ਵਾਲਾ) |
| 4. | ਅਪਮਾਨ | | |
| 5. | ਅਨਰਥ | 29. | ਦੁਸੀਲ (ਕੁਰਖਤ ਸੁਭਾਅ) |
| 6. | ਨਿੰਦਾ | | |
| 7. | ਕਪਟ | 30. | ਕੁਚੀਲ (ਅਸ਼ੁਧਤਾ) |
| 8. | ਲੋਭ | 31. | ਭੁੱਖ |
| 9. | ਮੋਹ | 32. | ਤ੍ਰੇਹ |
| 10. | ਹੰਕਾਰ | 33. | ਬ੍ਰਹਮ ਦੋਖ |
| 11. | ਕ੍ਰੋਧ | 34. | ਅਨਮੋਖ |
| 12. | ਦ੍ਰੋਹ | 35. | ਮਿਥਿਆ |
| 13. | ਸੰਦੇਹ | 36. | ਦਰਿਦ੍ਰ |
| 14. | ਝੂਠ | 37. | ਅਸੋਭ |
| 15. | ਚਿੰਤਾ | 38. | ਅਨਾਸ |
| 16. | ਸ਼ੰਕਾ | 39. | ਕੁਮੰਤ |
| 17. | ਅਸੰਤੋਸ਼ | 40. | ਅਲਜਾ |
| 18. | ਹਿੰਸਾ | 41. | ਚੋਰੀ |
| 19. | ਰਿਤੁਰਾਜ (ਬਸੰਤ) | 42. | ਵਿਭਚਾਰ |
| 20. | ਹੁਲਾਸ | 43. | ਸਵਾਮਿਘਾਤ |
| 21. | ਅਨੰਦ | 44. | ਕ੍ਰਿਤਘਣਤਾ |
| 22. | ਭਰਮ | 45. | ਮਿਤ੍ਰਦੋਖ |
| 23. | ਕਲਹ | 46. | ਰਾਜ ਦੋਖ |
| 24. | ਵੈਰ | 47. | ਈਰਖਾ |
| 25. | ਆਲਸ | 48. | ਉਚਾਟ |

| | | | |
|---|---|---|---|
| 49. | ਘਾਤ | 53. | ਅਪਰਾਧ |
| 50. | ਬਸੀਕਰਣ | 54. | ਖੇਦ |
| 51. | ਅਪਦਾ | 55. | ਕੁਕ੍ਰਿਆ ਗਿਲਾਨਿ |
| 52. | ਬਿਯੋਗ | | |

ਬਿਬੇਕ, ਅਬਿਬੇਕ ਦੇ ਸਾਰੇ ਸੂਰਮਿਆਂ ਦਾ ਵਰਨਣ ਇਸ ਪ੍ਰਸੰਗ ਵਿਚ ਬਹੁਤ ਵਿਸਥਾਰ ਸਹਿਤ ਕੀਤਾ ਗਿਆ ਹੈ- ਏਥੇ ਕੇਵਲ ਵੰਨਗੀ ਮਾਤਰ ਬਿਬੇਕ ਦੇ ਇਕ ਸੂਰਮੇ ਭਗਤਿ ਅਤੇ ਅਬਿਬੇਕ ਦੇ ਆਲਸ ਸੂਰਮੇਂ ਬਾਰੇ ਵਰਨਣ ਕਰਦੇ ਹਾਂ:

ਬਿਬੇਕ ਦਾ ਸੂਰਮਾ ਭਗਤੀ:

ਸਭਗਤਿ ਏਕ ਭਾਵਨਾ ਸੁ ਕ੍ਰੋਧ ਸੂਰ ਧਾਇ ਹੈ।
ਅਸੇਖ ਮਾਰਤੰਡ ਜਯੋਂ ਬਿਸੇਖ ਸੋਭ ਪਾਇ ਹੈ।
ਸੰਘਾਇ ਸੈਣ ਸਤ੍ਰਵੀ ਜੁਝਾਰ ਜੋਧ ਜੁਟਿ ਹੈ।
ਕਰੂਰ ਕੂਰ ਸੂਰਮਾ ਤਕਰ ਤੰਗ ਤੁਟ ਹੈ।

(ਪ੍ਰਭੂ) ਭਗਤੀ ਨਾ ਦਾ ਸੂਰਮਾ ਜਿਸਦਾ ਬੇਅੰਤ ਸੂਰਜਾਂ ਜਿਹਾ ਤੇਜ ਹੈ। ਜਦੋਂ ਉਹ ਮੈਦਾਨ ਵਿਚ ਗੱਜਦਾ ਹੈ ਤਾਂ (ਵਿਕਾਰਾਂ) ਦੀ ਦੁਸ਼ਮਣ ਫੌਜ ਦਾ ਨਾਸ ਕਰ ਦੇਂਦਾ ਹੈ। ਕਰੂਰਤਾ ਅਤੇ ਕੂੜ (ਝੂਠ) ਨਾਮ ਦੇ ਵਿਕਾਰੀ ਸੂਰਮਿਆਂ ਦੇ ਤੰਗ ਤੜਕ ਕੇ ਟੁੱਟ ਜਾਂਦੇ ਹਨ।

ਅਬਿਬੇਕ ਦਾ ਸੂਰਮਾ ਆਲਸ:

ਧੂਮ੍ਰ ਧੁਜਾ ਰਥ ਧੂਮ੍ਰ ਧੂਮ੍ਰ ਸਾਰਥੀ ਬਿਰਾਜਤ।
ਧੂਮ੍ਰ ਬਸਤ੍ਰ ਤਨ ਧਰੇ ਨਿਰਖਿ ਧੂਅਰੋ ਮਨਿ ਲਾਜਤ।
ਧੂਮ੍ਰ ਧਨੁਖ ਕਰ ਛਕ੍ਯੋ ਬਾਨ ਧੂਮਰੇ ਸੁਹਾਏ।
ਸੁਰ ਨਾਰ ਨਾਗ ਭੁਜੰਗ ਜਛ ਅਰੁ ਅਸੁਰ ਲਜਾਏ।
ਇਹ ਛਬ ਪ੍ਰਭਾਵ ਆਲਸ ਨ੍ਰਿਪਤਿ
ਜਿਦਿਨ ਜੁਧ ਕਹ ਜੁਟ ਹੈ।
ਉਦਮ ਬਿਹੀਨ ਸੁਨ ਰੇ ਨ੍ਰਿਪਤਿ ਅਉਰ ਸਕਲ ਦਲ ਫੁਟ ਹੈ।

ਆਲਸ ਦਾ ਕੈਸਾ ਸੁੰਦਰ ਵਰਨਣ ਕੀਤਾ ਹੈ ਦਸਮ ਪਾਤਸ਼ਾਹ ਨੇ- ਧੂਏਂ ਦੀ ਧੁਜਾ, ਰਥ, ਰਥਵਾਨ ਅਤੇ ਧੂਏਂ ਦੇ ਹੀ ਸਰੀਰ ਤੇ ਬਸਤ੍ਰ ਹਨ ਜਿਸਨੂੰ ਵੇਖ ਧੂਆਂ ਵੀ ਲਜਿਤ ਹੁੰਦਾ ਹੈ। ਧੂਏਂ ਦਾ ਧਨੁਸ਼ ਤੇ ਧੂਏਂ ਦੇ ਹੀ ਤੀਰ ਹਨ। ਦੇਵਤੇ, ਮਨੁੱਖ, ਨਾਗ, ਸੱਪ, ਯਕਸ਼ ਅਤੇ ਦੈਂਤ ਆਦਿ ਸਭ ਵੇਖ ਕੇ ਲੱਜਾਵਾਨ ਹੁੰਦੇ ਹਨ। ਇਸ ਛਬੀ ਵਾਲਾ (ਅਬਿਬੇਕ ਦਾ) ਸੂਰਮਾ ਆਲਸ ਜਦੋਂ ਮੈਦਾਨ ਵਿਚ ਗੱਜਦਾ ਹੈ ਤਾਂ (ਬਿਬੇਕ ਦੇ) ਉੱਦਮ ਨਾਮ ਦੇ ਸੂਰਮੇ ਤੋਂ ਬਿਨਾਂ ਹੋਰ ਸਾਰਾ ਦਲ ਨਸ਼ਟ ਹੋ ਜਾਂਦਾ ਹੈ।

**ਚਲਦਾ.............**

# ਰਾਗੀ ਭਾਈ ਅਜੀਤ ਸਿੰਘ ਤੇ ਕਿਰਪਾ

**ਗੁਰਸ਼ਰਨ ਸਿੰਘ**

**(ਪੋਤਰਾ ਸੰਤ ਆਤਮਾ ਸਿੰਘ ਜੀ ਸਨਖਤ੍ਰਵੀ)**



ਸਤਿਗੁਰੂ ਦੀ ਬਖਸ਼ਿਸ਼, ਖੁਸ਼ੀਆਂ ਜਾਂ ਪ੍ਰੇਮਾ-ਭਗਤੀ ਸਹਿਜ ਹੀ ਪ੍ਰਾਪਤ ਨਹੀਂ ਹੁੰਦੀ ਹੈ। ਇਹ ਦਾਤ ਸਤਿਗੁਰੂ ਦੀ ਆਪਣੀ ਕਿਰਪਾ ਨਾਲ ਜਾਂ ਮਨੁੱਖ ਦੇ ਪੂਰਬਲੇ ਕਰਮਾਂ ਨਾਲ ਇਸ ਪਰਮ ਪਦਵੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸੇ ਪ੍ਰੇਮਾ ਭਗਤੀ ਤੇ ਅਲੌਕਿਕ ਦਰਸ਼ਨਾਂ ਦੀ ਦਾਤ ਭਾਈ ਅਜੀਤ ਸਿੰਘ ਪਿੰਡ ਅਕਬਰਪੁਰ ਜ਼ਿਲ੍ਹਾ ਕਪੂਰਥਲਾ ਨੂੰ ਪ੍ਰਾਪਤ ਹੋਈ। ਭਾਈ ਸਾਹਿਬ ਦੇ ਦੱਸਣ ਅਨੁਸਾਰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਜਦੋਂ ਸਿਮਰਨ ਤੇ ਰੋਜ਼ਾਨਾ ਬੈਠਦੇ ਹਨ ਤਾਂ ਰੋਜ਼ਾਨਾ ਹੀ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਰੂਪੀ ਦ੍ਰਿਸ਼ਟਾਂਤ ਹੋ ਜਾਂਦਾ ਹੈ।

ਭਾਈ ਅਜੀਤ ਸਿੰਘ ਜੀ ਉੱਚ-ਕੋਟੀ ਦੇ ਰਾਗੀ ਤੇ ਪ੍ਰਚਾਰਕ ਹਨ। ਉਨ੍ਹਾਂ ਭਾਰਤ ਦੇ ਹਰ ਪ੍ਰਾਂਤ ਜਿੱਥੇ-ਜਿੱਥੇ ਵੀ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ ਤੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੀ ਕਈ ਵਾਰ ਕੀਰਤਨ ਦੀ ਸੇਵਾ ਨੂੰ ਨਿਭਾਇਆ ਹੈ। ਕੇਵਲ ਕੀਰਤਨ ਦੀ ਸੇਵਾ ਨਹੀਂ ਕੀਤੀ ਸਗੋਂ ਕੀਰਤਨ ਸਿੱਖਣ ਦੇ ਚਾਹਵਾਨ ਸਿੱਖਿਆਰਥੀ ਜਿਸ ਕਿਸੇ ਨੇ ਇੱਛਾ ਜਾਹਿਰ ਕੀਤੀ। ਸਭ ਨੂੰ ਬਗੈਰ ਕਿਸੇ ਭੇਟਾ ਦੇ ਕੀਰਤਨ ਦੀ ਦਾਤ ਨੂੰ ਵੰਡਿਆ। ਕੇਵਲ ਦੇਸ਼ ਨਹੀਂ ਵਿਦੇਸ਼ਾਂ ਦੇ ਵਿੱਚ ਵੀ ਤਕਰੀਬਨ ਯੂਰੋਪ ਦੇ ਸਭ ਮੁਲਕਾਂ ਦੇ ਨਾਲ-ਨਾਲ ਅਮਰੀਕਾ-ਕੈਨੇਡਾ ਕਈ ਵਾਰ ਜਾ ਕੇ ਕੀਰਤਨ ਤੇ ਕੀਤਾ ਹੀ ਨਾਲ ਦੇ ਨਾਲ ਬੱਚਿਆਂ ਨੂੰ ਕੀਰਤਨ ਦੀ ਸਿੱਖਿਆ ਵੀ ਦਿੱਤੀ। ਇਹ ਕਾਰਜ ਭਾਈ ਸਾਹਿਬ ਲਗਭਗ 40 ਸਾਲ ਤੋਂ ਕਰਦੇ ਆ ਰਹੇ ਹਨ। ਇਸ ਰੁਝੇਵੇਂ ਭਰੀ ਜ਼ਿੰਦਗੀ ਵਿੱਚ ਅਚਾਨਕ ਦਿਲ ਦੀ ਬਿਮਾਰੀ ਕਾਰਨ ਕੁਝ ਖੜੋਤ ਆਈ ਸਿਹਤ ਕੁਝ ਢਿੱਲੀ ਪੈ ਗਈ। ਜਲੰਧਰ ਦੇ ਟੈਗੋਰ ਹਸਪਤਾਲ ਵਿੱਚ ਚੈਕਅੱਪ ਦੇ ਦੌਰਾਨ ਦਿਲ ਦਾ ਆਪ੍ਰੇਸ਼ਨ ਕਰਨ ਬਾਰੇ ਡਾਕਟਰਾਂ ਨੇ ਸਲਾਹ ਦਿੱਤੀ। ਡਾਕਟਰਾਂ ਦੀ ਸਲਾਹ ਮੁਤਾਬਿਕ ਅਪ੍ਰੇਸ਼ਨ ਹੋ ਗਿਆ। ਕੁਝ ਦਿਨ ਸਿਹਤ ਕਾਫ਼ੀ ਵਿਗੜੀ ਰਹੀ ਤੇ ਜਦੋਂ ਹੋਸ਼ ਆਇਆ ਤਾਂ ਭਾਈ ਸਾਹਿਬ ਦੇ ਛਾਤੀ ਦੇ ਰੋਮ ਜੋ ਡਾਕਟਰਾਂ ਨੇ ਅਪ੍ਰੇਸ਼ਨ ਦਰਮਿਆਨ ਕੱਟੇ ਸਨ ਦਾ ਪਤਾ ਲੱਗਾ ਤਾਂ ਮਨ ਬਹੁਤ ਉਦਾਸ ਹੋਇਆ। ਠੀਕ ਹੋਣ ਦੀ ਬਜਾਏ ਮਨ ਉਦਾਸ ਰਹਿਣ ਲੱਗਾ ਅਜੇ ਹਸਪਤਾਲ ਵਿੱਚ ਭਾਈ ਸਾਹਿਬ ਜ਼ੇਰੇ ਇਲਾਜ ਹੀ ਸਨ, ਉਨ੍ਹਾਂ ਨੂੰ ਅੰਮ੍ਰਿਤ ਵੇਲੇ 2 ਵਜੇ ਤੜਕੇ ਦ੍ਰਿਸ਼ਟਾਂਤ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਹੋਏ। ਭਾਈ ਸਾਹਿਬ ਦੱਸਦੇ ਹਨ ਕਿ ਸਤਿਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਹੈ। ਰਾਗੀ ਸਿੰਘ ਕੀਰਤਨ ਕਰ ਰਹੇ ਹਨ ਪਰ ਮੈਂ ਸ਼ਰਮ ਦਾ ਮਾਰਾ ਅੱਗੇ

ਸਤਿਗੁਰੂ ਜੀ ਦੇ ਸਾਹਵੇਂ ਨਹੀਂ ਜਾ ਰਿਹਾ ਮੇਰੇ ਤੇੜ ਕੇਵਲ ਕਛਹਿਰਾ ਹੈ, ਮੈਂ ਦੂਰ ਤੋਂ ਹੀ ਸਤਿਗੁਰੂ ਜੀ ਤੇ ਸੰਗਤ ਵੱਲ ਵੇਖ ਰਿਹਾ ਹਾਂ। ਇੰਨੇ ਚਿਰ ਨੂੰ ਸਤਿਗੁਰੂ ਜਗਜੀਤ ਸਿੰਘ ਆਵਾਜ਼ ਮਾਰੀ 'ਅਜੀਤ ਸਿੰਹਾਂ ਆਜਾ ਮੈਨੂੰ ਤੂੰ ਪਰਵਾਨ ਹੈ' ਇਸ ਆਵਾਜ਼ ਨੇ ਭਾਈ ਸਾਹਿਬ ਕਹਿੰਦੇ ਮੇਰਾ ਸਰੀਰ ਹਿਲਾ ਦਿੱਤਾ। ਮੇਰੇ ਸਰੀਰ ਦਾ ਕਸ਼ਟ ਵੀ ਕੱਟ ਦਿੱਤਾ ਤੇ ਮੈਂ ਛੇਤੀ ਹੀ ਸਿਹਤਯਾਬ ਹੋ ਗਿਆ। ਹਸਪਤਾਲ ਤੋਂ ਛੇਤੀ ਹੀ ਮੈਨੂੰ ਛੁੱਟੀ ਮਿਲ ਗਈ। ਉਪਰੰਤ ਪਿੰਡ ਆ ਕੇ ਹਸਪਤਾਲ ਵਿੱਚ ਹੋਏ ਅਲੌਕਿਕ ਦਰਸ਼ਨ ਤੇ ਬਾਅਦ ਵਿੱਚ ਸਿਹਤਯਾਬ ਵੀ ਹੋਣ ਬਾਰੇ ਸੋਚਦੇ ਤਾਂ ਸ੍ਰੀ ਭੈਣੀ ਸਾਹਿਬ ਜਾ ਕੇ ਦਰਸ਼ਨ ਕਰਨ ਨੂੰ ਮਨ ਲੋਚਦਾ ਪਰ ਇਹ ਸੋਚ ਕੇ ਫਿਰ ਤੋਂ ਮਨ ਨਿਰਾਸ਼ ਹੁੰਦਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇਹ ਦਾ ਓਹਲਾ ਕਰ ਗਏ ਹਨ। ਦਰਸ਼ਨ ਤਾਂ ਉਨ੍ਹਾਂ ਦੇ ਕਰਨੇ ਸਨ ਫਿਰ ਤੋਂ ਮਨ ਢਿੱਲਾ ਪੈ ਜਾਂਦਾ।

ਇੱਕ ਦਿਨ ਅਚਾਨਕ ਭਾਈ ਸਾਹਿਬ ਦਾ ਮੇਲ ਮੇਰੇ ਨਾਲ ਹੋਇਆ ਤੇ ਹਸਪਤਾਲ ਵਿੱਚ ਜ਼ੇਰੇ ਇਲਾਜ ਦੇ ਦਰਮਿਆਨ ਹੋਏ ਦਰਸ਼ਨਾਂ ਬਾਰੇ ਭਾਈ ਸਾਹਿਬ ਨੇ ਦੱਸਿਆ ਤੇ ਭਾਈ ਸਾਹਿਬ ਵੈਰਾਗੀ ਵੀ ਹੋਏ ਅੱਖਾਂ ਵਿੱਚ ਅੱਥਰੂ ਸਨ। ਮੈਂ ਉਨ੍ਹਾਂ ਨਾਲ ਛੇਤੀ ਹੀ ਸ੍ਰੀ ਭੈਣੀ ਸਾਹਿਬ ਜਾ ਕੇ ਦਰਸ਼ਨ ਕਰਨ ਬਾਰੇ ਪ੍ਰੋਗਰਾਮ ਬਣਾ ਲਿਆ।

ਜਪ ਪ੍ਰਯੋਗ 2019 ਦੇ ਦਿਨ ਚੱਲ ਰਹੇ ਸਨ। ਅਸੀਂ ਚਾਰ ਜਣੇ ਭਾਈ ਅਜੀਤ ਸਿੰਘ ਰਾਗੀ, ਸੰਤ ਤਰਮਿੰਦਰ ਸਿੰਘ ਅਕਬਰਪੁਰ, ਮੈਂ ਤੇ ਮੇਰਾ ਬੇਟਾ ਗੁਰਜੀਵਨ ਸਿੰਘ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਗਏ। ਪ੍ਰਸ਼ਾਦਾ ਛਕਣ ਉਪਰੰਤ ਸਰੋਵਰ ਵੱਲੋਂ ਦੀ ਹੋ ਕੇ ਪ੍ਰਤਾਪ ਮੰਦਰ ਵੱਲ ਜਿੱਥੇ ਜਪ-ਪ੍ਰਯੋਗ ਦਰਮਿਆਨ ਨਿੱਤਨੇਮ ਹੋ ਰਿਹਾ ਸੀ। ਉੱਥੇ ਜਾ ਕੇ ਜਦੋਂ ਨਮਸਕਾਰ ਕਰਨ ਲਈ ਅਸੀਂ ਕਤਾਰ ਵਿੱਚ ਖਲੋਤੇ ਹੋਏ ਸਾਂ ਤਾਂ ਜਦੋਂ ਭਾਈ ਅਜੀਤ ਸਿੰਘ ਹੁਰਾਂ ਨਮਸਕਾਰ ਕੀਤੀ। ਉਦੋਂ ਸਤਿਗੁਰੂ ਜੀ ਵੱਲੋਂ ਭਾਈ ਸਾਹਿਬ ਨੂੰ ਹੱਥ ਜੋੜ ਕੇ ਨਿਵਾਜਿਆ ਗਿਆ। ਜੋ ਭਾਈ ਸਾਹਿਬ ਦੇ ਦਿਲ ਤੇ ਗਹਿਰਾ ਅਸਰ ਹੋਇਆ। ਭਾਈ ਸਾਹਿਬ ਦੇ ਦੱਸਣ ਅਨੁਸਾਰ ਪਹਿਲਾਂ ਕਥਾ, ਸੱਚੇ ਪਾਤਸ਼ਾਹ ਜੀ ਦਾ ਉਪਦੇਸ਼ ਤੇ ਨਾਮ-ਸਿਮਰਨ ਸਭ ਕੁਝ ਬੈਕੁੰਠ ਲੋਕ ਵਰਗਾ ਨਜ਼ਾਰਾ ਸੀ। ਨਾਮ-ਸਿਮਰਨ ਉਪਰੰਤ ਕੀਰਤਨ ਸੁਣਦੇ ਹੋਏ ਭਾਈ ਸਾਹਿਬ ਬਹੁਤ ਵੈਰਾਗੀ ਹੋਏ। ਇਸ ਸਭ ਤੋਂ ਬਾਅਦ ਸੰਤ ਹਰਪਾਲ ਸਿੰਘ ਜੀ ਦੀ ਸਹਾਇਤਾ ਨਾਲ ਸਤਿਗੁਰੂ ਜੀ ਨਾਲ ਮਿਲਣ ਤੇ ਅਰਜ਼ ਕਰਨ ਦਾ ਸੁਭਾਗ ਹੋਇਆ। ਸਤਿਗੁਰੂ ਜੀ ਦੇ ਪ੍ਰੇਮ ਭਿੱਜੇ ਲਫ਼ਜ਼ਾਂ ਨੇ ਸਾਡੇ ਸਭ ਦੇ ਹਿਰਦੇ ਠਾਰੇ ਤੇ ਖੁਸ਼ੀਆਂ ਦਿੱਤੀਆਂ। ਸਤਿਗੁਰੂ ਪ੍ਰੇਮ ਦਾ ਸਾਗਰ ਹੈ। ਦਿਲਾਂ ਦੀਆਂ ਜਾਣਨ ਵਾਲਾ ਹੈ। ਭਾਈ ਸਾਹਿਬ ਨੇ ਦੱਸਿਆ ਕਿ ਜੋ ਵਾਰਤਾਲਾਪ ਮੇਰੇ ਨਾਲ ਟੈਗੋਰ ਹਸਪਤਾਲ ਵਿਖੇ ਸਤਿਗੁਰੂ ਜਗਜੀਤ ਸਿੰਘ ਨਾਲ ਹੋਈ ਸੀ। ਉਹੀ ਅੱਜ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਉਦੇ ਸਿੰਘ ਜੀ ਨਾਲ ਹੋਈ ਹੈ। ਇਹ ਗੱਲ ਦਰਸ਼ਨ ਕਰਕੇ ਬਾਹਰ ਆ ਕੇ ਭਾਈ ਅਜੀਤ ਸਿੰਘ ਜੀ ਨੇ ਮੈਨੂੰ ਦੱਸੀ। ਸ੍ਰੀ ਭੈਣੀ ਸਾਹਿਬ ਤੋਂ ਵਾਪਸੀ ਵਕਤ ਸੰਤ ਹਰਪਾਲ ਸਿੰਘ ਜੀ ਨੇ ਦੋ ਪੁਸਤਕਾਂ ਭਾਈ ਸਾਹਿਬ ਨੂੰ ਭੇਟ ਕੀਤੀਆਂ। ਉਪਰੰਤ ਅਸੀਂ ਵਾਪਸ ਆ ਗਏ।

ਕੁਝ ਸਮੇਂ ਬਾਅਦ ਮੈਂ ਸ੍ਰੀ ਭੈਣੀ ਸਾਹਿਬ ਗਿਆ। ਸਤਿਗੁਰੂ ਜੀ ਦੇ ਦਰਸ਼ਨਾਂ ਉਪਰੰਤ ਸੰਤ ਹਰਪਾਲ ਸਿੰਘ ਜੀ ਨੂੰ ਲਾਇਬ੍ਰੇਰੀ ਵਿੱਚ ਮਿਲਿਆ। ਉਨ੍ਹਾਂ ਮੈਨੂੰ ਸਤਿਗੁਰੂ ਜਗਜੀਤ ਸਿੰਘ ਸ਼ਤਾਬਦੀ ਅੰਕ ਦਿੱਤੇ ਤੇ ਇੱਕ ਅੰਕ ਭਾਈ ਅਜੀਤ ਸਿੰਘ ਨੂੰ ਭੇਟ ਕਰਨ ਨੂੰ ਕਿਹਾ ਮੈਂ ਤੇ ਮੇਰਾ ਦੋਸਤ ਤਰਵਿੰਦਰ, ਭਾਈ ਅਜੀਤ ਸਿੰਘ ਦੇ ਘਰ ਗਏ। ਅੱਗੇ ਭਾਈ ਸਾਹਿਬ ਕੁਝ ਬੱਚਿਆਂ ਨੂੰ ਕੀਰਤਨ ਦੀ ਸਿੱਖਿਆ ਦੇ ਰਹੇ ਸਨ। ਅਸੀਂ ਜਾ ਨਮਸਕਾਰ ਕਰਕੇ ਸਤਿਗੁਰੂ ਜੀ ਦਾ ਸ਼ਤਾਬਦੀ ਅੰਕ ਭੇਟ ਕੀਤਾ। ਭਾਈ ਸਾਹਿਬ ਨੇ ਸੀਨੇ ਨਾਲ ਲਾਇਆ ਤੇ ਵੈਰਾਗੀ ਹੋ ਗਏ। ਭਾਵੁਕ ਹੋ ਕੇ ਸਤਿਗੁਰੂ ਜੀ ਵੱਲੋਂ ਮਿਲੇ ਅਥਾਹ ਪਿਆਰ ਨੂੰ ਯਾਦ ਕਰਕੇ ਬਚਨ ਕਰਨ ਲੱਗੇ ਅਤੇ ਕਹਿੰਦੇ ਛੇਤੀ ਪ੍ਰੋਗਰਾਮ ਬਣਾਓ ਫਿਰ ਤੋਂ ਸਤਿਗੁਰੂ ਦੇ ਉਸ ਬੈਕੁੰਠ ਲੋਕ ਦੇ ਦਰਸ਼ਨ ਕਰਕੇ ਆਈਏ। ਅਸੀਂ ਛੇਤੀ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਜਾਣ ਬਾਰੇ ਹਾਂ ਕੀਤੀ ਤੇ ਭਾਈ ਸਾਹਿਬ ਦੇ ਪ੍ਰੇਮ ਭਗਤੀ ਦੇ ਭਿੱਜੇ ਵਿਚਾਰ ਸੁਣਦੇ ਰਹੇ। ਮਨ ਅਨੰਦਤ ਹੋਇਆ ਕਿ ਸਤਿਗੁਰੂ ਨੂੰ ਆਪਣਿਆਂ ਦਾ ਪਤਾ ਹੀ ਹੁੰਦਾ ਹੈ ਕਦੋਂ ਉਹ ਸਮੇਂ ਨਾਲ ਆਪਣੇ ਨਾਲ ਜੋੜ ਲੈਂਦਾ ਹੈ ਤੇ ਆਪਣੇ ਸੇਵਕ ਤੇ ਖੁਸ਼ੀਆਂ ਬਖਸ਼ਿਸ਼ਾਂ ਤੇ ਪ੍ਰੇਮਾ ਭਗਤੀ ਨਾਲ ਨਿਵਾਜ ਦਿੰਦਾ ਹੈ। ਭਾਈ ਸਾਹਿਬ ਬਚਨ ਕਰਦਿਆਂ ਕਈ ਵਾਰ ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਜਗਜੀਤ ਸਿੰਘ ਅਤੇ ਧੰਨ ਸਤਿਗੁਰੂ ਉਦੇ ਸਿੰਘ ਜੀ ਕਿਹਾ।

----------

# ਅੜਬੰਗੀ (ਨਾਵਲ)

ਸਵ. ਸੰਤ ਇੰਦਰ ਸਿੰਘ ਚੱਕਰਵਰਤੀ

"ਇਹ ਤੁਹਾਡਾ ਭਰਮ ਹੈ, ਸਰਦਾਰ ਸਾਹਿਬ, ਕੋਈ ਵੀ ਬੰਦਾ ਮੇਰੀਆਂ ਨਜ਼ਰਾਂ ਤੋਂ ਲੁਕ ਕੇ ਇਸ ਜੰਗਲ ਵਿਚ ਨਹੀਂ ਵੜ ਸਕਦਾ। ਮੈਂ ਤੇ ਉਸ ਸਮੇਂ ਦਾ ਹੀ ਤੁਹਾਡੇ ਨਾਲ ਹਾਂ ਜਦੋਂ ਤੋਂ ਤੁਸੀਂ ਇਸ ਜੰਗਲ ਵਿਚ ਪੈਰ ਧਰਿਆ ਸੀ।"

"ਫਿਰ ਤੁਸੀਂ ਅੱਜ ਮੇਰੀ ਦੁਬਾਰਾ ਜਾਨ ਕਿਉਂ ਬਚਾਈ ?"

"ਇਹ ਮੇਰੇ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਕਿ -ਬੁਰਿਆਂ ਨਾਲ ਬੁਰਾਈ ਨਹੀਂ ਕਰਨੀ ਸਗੋਂ ਬੁਰਿਆਂ ਨਾਲ ਭਲਾਈ ਕਰੋ। ਮੇਰਾ ਨਾ ਕੋਈ ਦੋਸਤ ਹੈ, ਨਾ ਦੁਸ਼ਮਨ। ਮੇਰੇ ਸਤਿਗੁਰੂ ਦੇ ਹੁਕਮ ਬਿਨਾਂ ਮੇਰਾ ਕੋਈ ਵਾਲ ਵਿੰਗਾ ਵੀ ਨਹੀਂ ਕਰ ਸਕਦਾ। ਤੁਹਾਡੀ ਪੁਲਿਸ ਤੇ ਅੰਗਰੇਜ਼ ਐਸ.ਪੀ. ਨੇ ਕਿੰਨੀ ਵਾਰ ਮੈਨੂੰ ਫਸਾਣ ਦਾ ਜਤਨ ਕੀਤਾ, ਅਠਾਰਾਂ ਕੇਸ ਮੇਰੇ ਤੇ ਬਣਾਏ, ਇਹ ਉਨ੍ਹੀਵਾਂ ਹੈ, ਮੇਰਾ ਇਸ ਵਿਚ ਵੀ ਕੁਝ ਨਹੀਂ ਵਿਗੜਨਾ, ਸਮਝੇ ?"

ਮੈਂ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ। ਪਰ ਆਖਣ ਲੱਗਾ -"ਜੇ ਤੁਸੀਂ ਇਹ ਧੰਧਾ ਡਾਕੇ ਮਾਰਨ ਦਾ ਛੱਡ ਦਿਓ ਤਦ ਮੈਂ ਸਰਕਾਰ ਨੂੰ ਆਖ ਤੁਹਾਨੂੰ ਇਕ ਦੋ ਪਿੰਡ ਇਨਾਮ ਵਿਚ ਦੁਆ ਸਕਦਾ ਹਾਂ।"

"ਇਹ ਤੁਹਾਡਾ ਵਹਿਮ ਹੈ ਸਰਦਾਰ ਸਾਹਿਬ। ਮੈਂ ਨਾ ਕਦੀ ਡਾਕਾ ਮਾਰਿਆ ਹੈ ਨਾ ਮਾਰਨਾ ਹੈ, ਰਹੀ ਗੱਲ ਇਨਾਮ ਦੀ, ਤਦ ਕੀ ਮੈਂ ਇਕ ਦੋ ਪਿੰਡ ਲੈ ਕੇ ਬਾਕੀ ਸਾਰਾ ਭਾਰਤ ਅੰਗ੍ਰੇਜ਼ ਦੀ ਵਰਾਸਤ ਮੰਨ ਲਵਾਂ। ਨਹੀਂ, ਮੇਰੇ ਸਤਿਗੁਰੂ ਜੀ ਨੂੰ ਅੰਗ੍ਰੇਜ਼ 100 ਮੁਰੱਬਾ ਦੇ ਰਹੇ, ਜੇ ਉਹ ਮੰਗਦੇ ਤਦ ਹੋਰ ਵੀ ਮਿਲ ਸਕਦੇ ਸਨ। ਪਰ ਉਨ੍ਹਾਂ ਕਿਹਾ ਸੀ ਕਿ ਮੇਰਾ ਤੇ ਸਾਰਾ ਭਾਰਤ ਹੈ, ਮੈਂ ਸੌ ਮੁਰੱਬਾ ਲੈ ਕੇ ਬਾਕੀ ਦੇ ਹੱਕ ਬਿੱਲਿਆਂ ਨੂੰ ਮੁੰਤਕਿਲ ਨਹੀਂ ਕਰ ਸਕਦਾ। ਮੈਂ ਸਾਰਾ ਦੇਸ਼ ਲੈਣਾ ਹੈ, ਜਿਸ ਬਦਲੇ ਮੇਰੇ ਸਤਿਗੁਰੂ ਜੀ ਨੇ ਵੀ ਪਰਦੇਸ ਗਮਨ ਕੀਤਾ ਹੈ, ਸਮਝੇ ?"

"ਫਿਰ ਤੁਸੀਂ ਡਾਕੇ ਕਿਉਂ ਮਾਰਦੇ ਹੋ?"

"ਫਿਰ ਓਹੀ ਗੱਲ? ਡਾਕੇ ਮੈਂ ਨਹੀਂ ਮਾਰਦਾ। ਡਾਕੇ ਮਾਰਦੀ ਹੈ ਤੁਹਾਡੀ ਪੁਲਿਸ। ਵੱਡਾ ਡਾਕੂ ਹੈ ਅੰਗਰੇਜ਼, ਮੈਂ ਗਰੀਬਾਂ ਦੀ ਗੁਰਬਤ ਦੇਖ ਨਹੀਂ ਸਕਦਾ। ਉਹਨਾਂ ਦਾ ਦੁੱਖ ਭੁੱਖ ਦੂਰ ਕਰਨ ਲਈ ਮੇਰੇ ਬੰਦੇ, ਲੁਟੇਰੇ ਸਰਮਾਏਦਾਰਾਂ ਤੋਂ ਕੁਝ ਪੈਸੇ ਲੈ ਕੇ ਗਰੀਬਾਂ ਨੂੰ ਦੇ ਦੇਂਦੇ ਹਨ। ਮੇਰੇ ਸੰਪਰਕ ਵਿਚ ਆਏ ਡਾਕੂ, ਗਰੀਬ ਦੀ ਧੀ, ਭੈਣ, ਬੱਚੇ, ਬੁੱਢੇ ਨੂੰ ਕਦੀ ਵੀ ਕੁਝ ਨਹੀਂ ਆਂਹਦੇ? ਜੇ ਮੈਂ ਇਹ ਕੰਮ ਛੱਡ ਦਿਆਂ ਤਦ ਕਈ ਪਰਿਵਾਰ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆ ਚੁੱਕੇ ਹਨ, ਉਹਨਾਂ ਦਾ ਕੀ ਹਾਲ ਹੋਵੇਗਾ? ਉਹ ਭੁੱਖੇ ਮਰ ਜਾਣਗੇ। ਉਨ੍ਹਾਂ ਭੁੱਖਿਆਂ, ਨੰਗਿਆਂ, ਦਲਿੱਦਰੀਆਂ ਦੇ ਅੱਥਰੂ ਮੈਂ ਨਹੀਂ ਦੇਖ ਸਕਦਾ। ਉਨ੍ਹਾਂ ਦੇ ਅੱਥਰੂ ਕਲੇਜਾ ਪਾੜ ਦੇਂਦੇ ਹਨ।"

ਉਨ੍ਹਾਂ ਦੀਆਂ ਅੱਖੀਆਂ ਵਿੱਚੋਂ ਅੱਥਰੂਆਂ ਦੀ ਝੜੀ ਲੱਗ ਗਈ। ਉਨ੍ਹਾਂ ਮੈਨੂੰ ਪਸਤੌਲ ਦੇ ਕੇ ਕਿਹਾ - "ਛੇਤੀ ਚਲੇ ਜਾਓ। ਇਨ੍ਹਾਂ ਰੂੜ ਸਿੰਘ ਹੋਰਾਂ ਦੀ ਤੇ ਗੱਲ ਕੋਈ ਨਹੀਂ, ਕੋਈ ਹੋਰ ਨਾ ਦੇਖ ਲਏ। ਫਿਰ ਤੁਸੀਂ ਮੁਸ਼ਕਲ ਵਿਚ ਫਸ ਜਾਓਗੇ। ਫਿਰ ਇੰਵ ਨਾ ਕਰਨਾ।" ਇਹ ਕਹਿੰਦਿਆਂ ਹੀ ਪਤਾ ਨਹੀਂ ਉਹ ਜੰਗਲ ਵਿਚ ਕਿਧਰੇ ਛਾਈਂ ਮਾਈਂ ਹੋ ਗਏ।

ਮੈਂ ਖੜਾ ਖੜਾ ਸੋਚਦਾ ਰਿਹਾ। ਕੀ ਅਜਿਹੇ ਬਹਾਦਰ ਬੰਦੇ ਨੂੰ ਮਾਰਨਾ ਵੀ ਕੋਈ ਮਰਦਾਨਗੀ ਹੈ। ਜਿਸ ਮੇਰੀ ਦੋ ਵਾਰ ਜਾਨ ਬਚਾਈ, ਮੈਂ ਉਸ ਰਹਿਮ ਦੇ ਦੇਵਤੇ ਨੂੰ ਮਾਰਨਾ ਚਾਂਹਦਾ ਹਾਂ। ਨਹੀਂ! ਨਹੀਂ! ਨਹੀਂ!! ਮੈਂ ਅਜਿਹੀ ਅਹਿਸਾਨ ਫਰਾਮੋਸ਼ੀ ਨਹੀਂ ਕਰ ਸਕਦਾ। ਪਰ ਨਹੀਂ ਮੈਨੂੰ ਉਸ ਨੂੰ ਗ੍ਰਿਫ਼ਤਾਰ ਕਰਾਣਾ ਹੀ ਪਏਗਾ। ਨਿਮਕ ਹਰਾਮ ਹੀਂ ਬਣਾਂਗਾ। ਉਹ ਜਾਣਦਾ ਹੈ ਕਿ ਮੈਂ ਉਸ ਦਾ ਦੁਸ਼ਮਣ ਨਹੀਂ, ਫਰਜ਼ ਦੀ ਅਦਾਇਗੀ ਮੇਰਾ ਫਰਜ਼ ਹੈ। ਅਜਿਹੀਆਂ ਸੋਚਾਂ ਸੋਚਦਾ ਮੈਂ ਜੰਗਲ ਤੋਂ ਬਾਹਰ ਆ ਗਿਆ।

## ੬

ਇਕ ਦਿਨ ਮੇਰੇ ਇਕ ਵਿਭਾਗੀ ਗੁਪਤਚਰ ਨੇ ਦੱਸਿਆ ਕਿ ਕੁਝ ਇਕ ਕੂਕੇ ਸਿੱਖ ਸਰਦੂਲਗੜ੍ਹ ਤੋਂ ਜਾ ਰਹੇ ਦੇਖੇ ਗਏ ਨੇ। ਉਨ੍ਹਾਂ ਦਿਨਾਂ ਵਿਚ ਕੂਕਿਆਂ ਦੀ ਖਾਸ ਦੇਖ ਰੇਖ ਹੋ ਰਹੀ ਸੀ। ਮੈਂ ਉਨ੍ਹਾਂ ਦੇ ਮਗਰ ਹੋ ਲਿਆ। ਮੈਂ ਕੂਕਿਆਂ ਵਾਲਾ ਪਹਿਰਾਵਾ, ਸਿੱਧੀ ਦਸਤਾਰ, ਛੇਕਲੀਆ ਕੁੜਤੀ, ਗੋਡਿਆਂ ਤੀਕ ਕਛਹਿਰਾ ਪਾਈ ਮਗਰ ਮਗਰ ਜਾ ਰਿਹਾ ਸਾਂ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣਨਾ ਚਾਹੁੰਦਾ ਸਾਂ, ਕਾਹਲੀ ਨਾਲ, ਨਾਲ ਜਾ ਰਲਿਆ। ਮੈਨੂੰ ਚਰਨੀ ਹੱਥ ਲਾਉਣਾ ਚਾਹੀਦਾ ਸੀ ਪਰ ਮੈਂ ਜਾਂਦਿਆਂ ਹੀ ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫ਼ਤਹਿ" ਚੁੱਕ ਮਾਰੀ। ਸਿੰਘ ਇਕ ਦੂਜੇ ਵੱਲ ਵੇਖ ਕੇ ਮੁਸਕਰਾਏ। ਇਹ ਹੋਰ ਕੋਈ ਨਹੀਂ ਸੀ, ਸ੍ਰੀ ਅੜਬੰਗੀ ਜੀ ਸੰਤ ਰੂੜ ਸਿੰਘ ਬਲੂਆਣੀਆ ਤੇ ਸੰਤ ਕਿਸ਼ਨ ਸਿੰਘ ਜੀ ਆਦਿ ਚਾਰ ਕੁ ਸਿੰਘ ਸਨ। ਦੂਰੋਂ ਉਹ ਸਿੰਘ ਨੂੰ ਆਉਂਦਾ ਵੇਖ ਕੇ ਬਹੁਤ ਖੁਸ਼ ਹੋਏ। ਪਰ ਜਦ ਮੈਂ ਉਨ੍ਹਾਂ ਨੂੰ ਫਤਹਿ ਬੁਲਾਈ ਤਦ ਉਹ ਸਮਝ ਗਏ ਕਿ ਇਹ ਕੋਈ ਭੇਦੀਆ ਹੈ।

ਅਜੇ ਉਹ ਨਾਲੀ ਦੇ ਕੰਢੇ ਕੰਢੇ ਜਾ ਹੀ ਰਹੇ ਸਨ, ਪਿੱਛੋਂ ਉਨ੍ਹਾਂ ਇਕ 14-15 ਸਾਲ ਦੇ ਬੱਚੇ ਦੀ ਲਾਸ਼ ਤੈਰਦੀ ਆ ਰਹੀ ਡਿੱਠੀ। ਮੈਂ ਰੂੜ ਸਿੰਘ ਹੋਰਾਂ ਨੂੰ ਪਛਾਣ ਲਿਆ। ਫਿਰ ਮੈਂ ਸ੍ਰੀ ਅੜਬੰਗੀ ਜੀ ਦਾ ਕਿਆਸ ਵੀ ਕਰ ਲਿਆ। ਮੈਂ ਆਪਣੇ ਬੰਦਿਆਂ ਨੂੰ ਮਗਰ ਮਗਰ ਆਉਣ ਲਈ ਕਿਹਾ ਹੋਇਆ ਸੀ। ਪਰ ਲਾਸ਼ ਵਿਹੰਦਿਆਂ ਹੀ ਸ੍ਰੀ ਅੜਬੰਗੀ ਜੀ ਬਸਤਰਾਂ ਸਮੇਤ ਹੀ ਨਾਲੀ ਵਿਚ ਛਾਲ ਮਾਰ ਦਿੱਤੀ। ਮੈਂ ਸੋਚਿਆ ਕਿ ਸਾਨੂੰ ਵੇਖ ਕੇ ਗ੍ਰਿਫਤਾਰੀ ਤੋਂ ਡਰਦੇ ਨਾਲੀ ਵਿਚ ਜਾ ਵੜੇ ਹਨ। ਉਨ੍ਹਾਂ ਝੱਟ ਪੱਟ ਉਸ ਬੱਚੇ ਨੂੰ ਜਾ ਫੜਿਆ। ਇਕ ਹੱਥ ਨਾਲ ਉਹ ਬੱਚੇ ਨੂੰ ਫੜੀ ਬਾਹਰ ਲਿਆ ਰਹੇ ਸਨ, ਦੂਜੇ ਨਾਲ ਤਰਦੇ ਆ ਰਹੇ ਸਨ। ਬੱਚੇ ਦੀ ਲਾਸ਼ ਕੱਢ ਕੇ ਉਨ੍ਹਾਂ ਕੰਢੇ ਤੇ ਲਿਆ ਰੱਖੀ। ਉਹ ਲੋਥ ਵਿਚੋਂ ਪਾਣੀ ਕੱਢ ਕੇ ਉਸ ਵਿਚ ਪ੍ਰਾਣ ਸੰਚਾਰ ਕਰਨ ਦਾ ਜਤਨ ਕਰ ਰਹੇ ਸਨ। ਮੈਂ ਚੁੱਪ ਕਰ ਕੇ ਵੇਖਦਾ ਰਿਹਾ ਕਿ ਇਹ ਕੀ ਕਰ ਰਹੇ ਹਨ। ਫਿਰ ਮੈਂ ਹੱਥ ਵਿਚ ਪਿਸਤੌਲ ਫੜ ਕੇ ਉਨ੍ਹਾਂ ਦੇ ਸਿਰ ਦਾ ਨਿਸ਼ਾਨਾ ਬਣਾ ਕੇ ਕਹਿਣ ਲੱਗਾ "ਹੱਥ ਉੱਚੇ ਕਰੋ।" ਸ੍ਰੀ ਅੜਬੰਗੀ ਜੀ ਪਛਾਣ ਕੇ ਬੋਲੇ -"ਆ ਗਏ ਸਰਦਾਰ ਮਹਾਂ ਸਿੰਘ ਜੀ, ਅਸੀਂ ਨੱਸਦੇ ਨਹੀਂ। ਬੱਚਾ ਹੋਸ਼ ਵਿਚ ਆ ਲਏ ਫਿਰ ਤੁਸੀਂ ਹੱਥਕੜੀ ਲਾ ਲੈਣੀ।" ਮੈਂ ਕੁਝ ਚਿਰ ਉਸ ਬੱਚੇ ਵੱਲ ਵੇਖ ਕੇ ਫਿਰ ਡੁਸਕਦਾ ਹੋਇਆ ਬੋਲਿਆ- "ਹੈਂ, ਇਹ ਸਾਡਾ ਬੱਚਾ ਕਰਮਜੀਤ ਹੈ। ਇਹ ਕਿਵੇਂ? ਸੰਤ ਜੀ ਦੱਸੋ ਬੱਚਾ ਜੀਉਂਦਾ ਹੈ ਜਾਂ ਚੱਲ ਵਸਿਆ?" ਇਹ ਕਹਿੰਦਾ ਹੋਇਆ ਮੈਂ ਬੱਚਿਆਂ ਵਾਂਗ ਰੋਣ ਲੱਗ ਪਿਆ।

"ਅਜੇ ਤੇ ਜ਼ਿੰਦਾ ਹੈ। ਆਓ ਜ਼ਰਾ ਇਸ ਨੂੰ ਗਰਮਾਈਏ। ਕੀ ਆਪ ਇਸ ਬੱਚੇ ਨੂੰ ਜਾਣਦੇ ਹੋ?"

"ਜਾਣਦਾ ਹੀ ਨਹੀਂ, ਇਹ ਮੇਰਾ ਆਪਣਾ ਬੱਚਾ ਕਰਮਜੀਤ ਸਿੰਘ ਹੈ। ਇਹ ਮੱਛੀਆਂ ਦਾ ਸ਼ਿਕਾਰ ਕਰਦਾ ਕਰਾਂਦਾ ਅੱਜ ਆਪ ਹੀ ਮੌਤ ਦਾ ਸ਼ਿਕਾਰ ਹੋ ਗਿਆ। ਸੰਤ ਜੀ ਮਹਾਰਾਜ ਦੋ ਤ੍ਰੈ ਵਾਰ ਮੇਰੀ ਤੇ ਅੱਜ ਮੇਰੇ ਬੱਚੇ ਦੀ ਜਾਨ ਬਚਾ ਕੇ ਤੁਸੀਂ ਮੇਰੇ ਤੇ ਬਹੁਤ ਵੱਡਾ ਅਹਿਸਾਨ ਕੀਤਾ ਹੈ। ਦੱਸੋ ਇਸ ਦਾ ਬਦਲਾ ਮੈਂ ਕੀ ਦਿਆਂ?"

"ਨਹੀਂ ਸਰਦਾਰ ਸਾਹਿਬ, ਅਹਿਸਾਨ ਦੀ ਕੋਈ ਗੱਲ ਨਹੀਂ। ਇਹ ਤੇ ਮੇਰੇ ਸਤਿਗੁਰੂ ਜੀ ਦਾ ਹੁਕਮ ਹੈ, ਜਿਸ ਦੀ ਪਾਲਣਾ ਮੇਰਾ ਕਰਤੱਵ ਹੈ, ਬੱਚਾ ਜਿੰਦਾ ਹੈ। ਮੇਰਾ ਫਰਜ਼ ਪੂਰਾ ਹੋ ਗਿਆ। ਹੁਣ ਤੁਸੀਂ ਆਪਣਾ ਫਰਜ਼ ਪੂਰਾ ਕਰੋ। ਮੇਰੇ ਹੱਥਕੜੀ ਲਾਓ ਮੈਂ ਤਿਆਰ ਹਾਂ।" ਇਹ ਕਹਿੰਦਿਆਂ ਹੀ ਸ੍ਰੀ ਅੜਬੰਗੀ ਜੀ ਨੇ ਹੱਥ ਅੱਗੇ ਕਰ ਦਿੱਤੇ।

ਮੈਂ ਕੁਝ ਚਿਰ ਸ੍ਰੀ ਅੜਬੰਗੀ ਜੀ ਦੇ ਮੂੰਹ ਵੱਲ ਵੇਖਦਾ ਰਿਹਾ। ਫਿਰ ਹੱਥਕੜੀ ਨਾਲੀ ਵਿਚ ਸੁੱਟ ਕੇ ਕਹਿਣ ਲੱਗਾ- "ਜਾਓ, ਸੰਤ ਅੜਬੰਗ ਸਿੰਘ ਜੀ ਜਾਓ। ਤੁਹਾਨੂੰ ਗ੍ਰਿਫਤਾਰ ਕਰਨ ਦੀ ਮੇਰੇ ਵਿਚ ਹਿੰਮਤ ਤੇ ਸ਼ਕਤੀ ਨਹੀਂ। ਤੁਸੀਂ ਇਨਸਾਨ ਨਹੀਂ ਦੇਵਤੇ ਹੋ। ਜਾਓ, ਨਿਰਭੈਤਾ ਨਾਲ ਵਿਚਰੋ। ਮੈਂ ਤਾਂ ਕੀ ਤੁਹਾਨੂੰ ਦੁਨੀਆ ਦੀ ਕੋਈ ਵੀ ਸ਼ਕਤੀ ਗ੍ਰਿਫ਼ਤਾਰ ਨਹੀਂ ਕਰ ਸਕਦੀ। ਤੁਸੀਂ ਬਹੁਤ ਹੀ ਮਹਾਨ ਹੋ।"

ਇਹ ਕਹਿ ਕੇ ਮੈਂ ਫਿਰ ਅਰਜ਼ ਕੀਤੀ- "ਕਿਰਪਾ ਕਰ ਕੇ ਮੈਨੂੰ ਵੀ ਉਸ ਮਹਾਨ ਆਤਮਾ ਦੇ ਦਰਸ਼ਨ ਕਰਾਓ, ਜਿੱਥੋਂ ਤੁਹਾਨੂੰ ਇਹ ਸ਼ਕਤੀ ਪ੍ਰਾਪਤ ਹੋਈ ਹੈ। ਮੈਂ ਹੁਣ ਨੌਕਰੀ ਨਹੀਂ ਕਰਨੀ ਸਗੋਂ ਭੈਣੀ ਸਾਹਿਬ ਵਿਚ ਜਾ ਕੇ ਜਨਮ ਸਫਲ ਕਰਾਂਗਾ।"

ਸੰਤ ਜੀ ਨੇ ਮੇਰੇ ਕੰਨ ਵਿਚ ਗੁਰਮੰਤਰ ਦੇ ਦਿੱਤਾ ਅਤੇ ਮੈਂ ਸ੍ਰੀ ਭੈਣੀ ਸਾਹਿਬ ਜੀ ਆ ਰਿਹਾ।

**ਲੜੀਵਾਰ ਨਾਵਲ 'ਅੜਬੰਗੀ' ਸੰਪੂਰਨ ਹੋ ਗਿਆ ਹੈ।**

(ਗੱਦੀ ਸਾਹਿਬ ਵਾਲੇ ਚੁਬਾਰੇ ਪਾਸ ਉਨ੍ਹਾਂ ਦਾ ਡੇਰਾ ਸੱਜੇ ਪਾਸੇ ਹੁੰਦਾ ਸੀ ਅਤੇ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਖੱਬੇ ਪਾਸੇ। ਉਨ੍ਹਾਂ ਦੇ ਚਰਨਾਂ ਵਿਚ ਬੈਠਣ ਦਾ ਮੈਨੂੰ ਸੁਭਾਗ ਹਾਸਲ ਹੋਇਆ ਸੀ। ਸਰਦਾਰ ਮਹਾਂ ਸਿੰਘ ਜੀ ਸੰਨ 1917 ਈ: ਵਿਚ ਸ੍ਰੀ ਭੈਣੀ ਸਾਹਿਬ ਗੁਰਧਾਮ ਪਧਾਰੇ। ਅਸੀਂ ਇਹਨਾਂ ਨੂੰ ਥਾਣੇਦਾਰ ਆਖ ਕੇ ਹੀ ਸੱਦਿਆ ਕਰਦੇ ਸਾਂ। ਇਹ ਵਾਰਤਾ ਮੈਨੂੰ ਉਨ੍ਹਾਂ ਆਪ ਸੁਣਾਈ ਸੀ। ਇਨ੍ਹਾਂ ਬਾਰੇ ਅਖਬਾਰ ਵਿਚ ਨਿਕਲਿਆ ਸੀ ਕਿ ਸਿੱਧ ਸੀ.ਆਈ ਡੀ. ਇਨਸਪੈਕਟਰ ਮਹਾਂ ਸਿੰਘ ਦਾ ਦਿਮਾਗ ਖ਼ਰਾਬ ਹੋ ਗਿਆ ਅਤੇ ਉਹ ਨੌਕਰੀ ਛੱਡ ਕੇ ਪਤਾ ਨਹੀਂ ਕਿਧਰ ਤੁਰ ਗਏ।

..........................................

# Sweat Memories and Miracles of His Holiness Satguru Jagjit Singh Ji

**- Col. Harbhajan Singh Cheema**

It was some time in 1980-81 that I accompanied my elder brother Suba Kartar Singh to Sri Bhaini Sahib for Satguru Jagjit Singh ji's darshan and seek His blessings. These were winter days and Satguru ji was sitting in the chair in the lawn adjoining His kothi drying His hair. We touched Satguru ji's feet and sat before Him . My brother introduced me to Satguru ji. Satguru ji asked me as to what I knew of Sikh Dharam! Being Son of Sant Soudagar Singh, an anin sikh of Satguru Partap Singh ji and having been brought up in namdhari family it was normal for me to understand the importance of religion in the life of an individual . I was fairly regular in doing Japuji Sahib and rehras path. I also did sadharan path of Adi Sri Guru Granth Sahib. This not withstanding , I had no deeper understanding of Sikh Dharam .So my simple answer was NIL .He smiled and said the words to the extent that, to achieve something this was the best way to start. He noticed me wearing black fifty under my turban and asked me not to tie black colour fifty. I said 'sat bachan' and left for home after our compliments. I generally avoided using black fifty thereafter but did not do this as a strict rule. I continued to wear black fifty though very rarely at time to suite my dress.

I was posted to The Sikh Regimental Center Ramgharh Cant after command of the battalion when on 10 December 1984 a large no of of our men started leaving the barracks as protest against Operation Blue Star. Brig Puri, Col Jagdev Singh , and myself went to stop them from desertion. We were fired upon in witch Brig Puri was killed and Col, Jagdev Singh was seriously injured. I suffered minor head injury. Incidentally i was wearing black fifty on that day. The bullet passed through the fifty with minor injury on my head. It may be taken as coincidence by some but I was left with no doubt that for me it was Satguru's kindness that I was conveyed the message without any harm to me .I understood what it when we read 'kar updesh jhidke bahu bhati bahur pita gal lave (ਕਰਿ ਉਪਦੇਸੁ ਝਿੜਕੇਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ) Satguru Ji saved my life when others were seriously injured sitting on the same seat in the car and one of them even died .It was a lesson for me for life as to what satguru's adesh means for a sikh.

I retired from service and setteled in Mohali in 1993. Around 1996-97, my wife Gurjinder jit kaur suffered from cirrhosis of skin disease. The skin of the whole body started peeling off. Allopathy they said had no treatment for the disease, aurvedic tried but did not work. We started homeopathy but this too didn't seem to be working. Ultimately we decided to do what we should have done before starting the medicine. We went to Sri Bhaini Sahib, to seek Satguru Jagjit Singh ji's blessings. On our Araz he directed us to a Vaid in Doraha, next door. We immediately went to the said vaid and conveyed to him that we have been directed by Satguru ji to take your help for the ailment. The said Vaid gave a very naughty but pleasant smile and told me, Col Sahib, I have no treatment for this ailment but the fact that he has directed you to me, take it that he has already treated your wife but wants to give me the credit. Without understanding the

'Satguru's chalits (ਚਲਿਤ) being beyond our reach, we moved back to Mohali hoping for the best. It takes less than two hours to reach Mohali from Doraha. By the time we reached Mohali, the skin stopped peeling off. Except for a few spots she became absolutely normal with in few days. Even the spots disappeared in 10-12 days.

I have two sons who joined Army as infantry officers but both switched over to Army Aviation Corp and became helicopter piolets. Elder son, Simarpreet Singh was posted in Leh during 2000-2001, flying in areas which are in news these days ie Darbuk, Siachin, Daulat Beg Oldi, Shyok, Chushul etc. One day I got a call from my daughter-in-law, Harjyot Kaur, wife of my elder son. She seemed highly worried about her husband's safety and said that she has seen his aircraft crashing. Since I too had served in Darbuk area guarding enemy approach from Chushul side and known the areas well in which my son was flying I was quite aware of the most difficult and uncertain conditions under which the pilots had to fly there .

I told her that her fear seems to be as a result of the flying conditions under which he had to fly but I am confident of his competence as a piolet and she has nothing to worry. However I assured her that I will also pray for the well being of the family in particular in my Ardas.

A few days after my talk with my daughter-in-law , I got a call from my son asking me to immidiately go to Sri Bhaini sahib and thank Satguru Jagjit Singh Ji for saving his life. Then he explained me the incident in detail. 'He was flying in Siachin area along with another officer who was senior to him and was in control of the aircraft. The weather suddenly turned out to be so bad that we could see nothing outside (The weather in those areas suddenly turns so nasty that you can't see even one meter beyond). we lost our bearings and also any hope of our survival. It was at this time that I prayed for Satguru Ji's help and instantly snatched control of the aircraft from my senior. He was stunned at my behaviour and asked me to sit down immediately(sit down is a slang used to touch down and land ) I did nothing of that sort and continued to fly. Thereafter I have no idea as what and why I did but what I did turned to be perfectly right. He continued with his narrative and said that he had no doubt that at that time Satguru Jagjit Singh Ji was in control of the aircraft. Incidentally when we came out of that pocket we saw that where I was asked to land was a sharp cliff and there could have been no hope of our survival had we attempted to land there. The approach our aircraft followed was the only approach to come out and even minor deviation from that would have been sure crash. We have just finished celebrating our new life blessed by Satguru Jagjit Singh Ji and want you to thank Him .'

I asked my son to immediately take a few days leave so that we could both go together to Sri Bhaini Sahib and thank Satguru ji for His kindness and seek His blessings. He came with in few days and we went to Sri bhaini sahib. Those were the winter days and Satguru ji was sittings in the lawn, and darshan abhilashis were standing in row to seek His blessings. Sewak Harpal Singh ji was organising and managing the sangat . I narrated the incident to Harpal Singh for him to brief Satguru ji . When our turn came Sewak Harpal singh just started with the brief. To our surprise Satguru Ji interrupted Harpal Singh mid way and pointed at my son who was standing behind me ,that boy with dark glasses !The way Satguru ji pointed towards my son, it appeared as if we were being told, as to whom are you narrating the incident ! His ways are great and beyond our comprehension .We bowed before Him in reverence, finding no suitable words to express our gratitude we departed for Mohali.

Youngest of six brothers and two sisters i was born and brought up in Namdhari family. We belonged to a small village Sadhanwali (known as Choranwali ) in district Gujrawala, Pakistan. My father, Sant Soudagar Singh served in the Army during first world war for a few years and came out early due injury in war. He was a non vegetarian and liked drinking. Around 1919-20 , Satguru Partap Singh ji was scheduled to visit village Ibnawali close to our village. In sheer inquisitiveness my father along with his friend decided to attend the mela to see Kuka's guru. It was when sangat was being asked to give up eating of meat and liquor, Sant Sardara Singh sitting next to my father and knew him said,'Soudagar Singha why don't you also give up meat eating and taking of liquor and take Naam'! He didn't know that time had come for'purab karam ankur jab pargte ....' . With a little innocent taunt my father said that Sant ji why don't you do some thing for me to give up these! Sant ji came close to him and blew the WORD in his ear. My father went into trance and remained in that state for eight days. It didn't take very long before people started knowing him as Sant Soudagar singh from fauji Soudagar Singh.

My eldest sister's son, Karnail Singh served as security for Satguru Jagjit Singh ji along with Gurdev Singh for long. My brother Suba Kartar Singh had the blessings of Satguru Jagjit Singh ji. My nephew Rattan Singh, son of brother Balkar Singh had the blessings of Satguru Jagjit Singh ji and now that of hazra hazur Satguru Uday Singh ji. My another nefew, Manjit Singh,son of brother Kulwant Singh seeked Satguru ji's blessings to retire from the Army premature as Lt Col and try for the PCS. He topped the PCS exam and is posted as S.D.M. Dirba, Sangrur distt.

I would wish to narrate an episode related to my father. At the time of partition of the country our family joined a kafla, protected by the forces but our father got separated from the family and boarded the train which was halted by rowdy muslim's and people butchered ruthlessly. We took it for certain that our father would have met the same fate .Our joy knew no bounds when we saw our father joining the family all hail and hearty. It was natural for us to ask as to how he survived the onslaught. He said that he had no idea as to what happened except that he was in meditation when every thing happened. He was shook by two muslim's with blood stained weapons' bhalls' looking terrified and said singha bahir nikal ja sada tere te koi zor nahin chalda'. 'I don't know what roop Satguru Partap Singh ji showed them that not only they were helpless in harming me but even looked terrified' .

On retirement i offered my services to Satguru Uday Singh ji (that time Thakur ji) . While asking me to organise and operate security department of that time coming up SPS Apollo Hospitals, he was very candid in saying that he was aware of the fact that the job was not up to my level. I had no inhibitions in my mind about the job and considered it be a great honour and an opportunity to be in service of Satguru ji. I would wish to state that my interaction with Namdhari Panth and trying to offer some solace to the suffering patients and their relatives for about eleven years was the best and most satisfying part of my life.

...............................................

# ਸੁੱਚੇ ਮੋਤੀ

## ਕਿਤਾਬਾਂ

- ਚੰਗੀਆਂ ਕਿਤਾਬਾਂ ਪੜ੍ਹਨੀਆਂ ਕਿਸੇ ਮਹਾਨ ਵਿਅਕਤੀ ਦੇ ਨਾਲ ਗੱਲਾਂ ਕਰਨ ਦੇ ਬਰਾਬਰ ਹੈ।

ਆਰ ਡੇਸਕਰਟੇਜ਼

- ਕਿਤਾਬਾਂ ਵਰਗਾ ਕੋਈ ਜਹਾਜ਼ ਨਹੀਂ ਜੋ ਸਾਨੂੰ ਦੇਸ਼-ਦੇਸ਼ਾਂਤਰਾਂ ਤੋਂ ਪਾਰ ਲੈ ਜਾਂਦਾ ਹੈ।

ਐਮਿਲੀ

- ਪੁਸਤਕ ਜੇਬ ਵਿਚ ਰੱਖਿਆ ਹੋਇਆ ਬਾਗ ਹੈ।

ਅਰਬੀ ਕਹਾਵਤ

- ਵਿਚਾਰਾਂ ਦੇ ਯੁੱਧ ਵਿੱਚ ਕਿਤਾਬਾਂ ਹੀ ਹਥਿਆਰ ਹਨ।

ਬਨਾਰਡ ਸ਼ਾਅ

- ਉਹ ਪੁਸਤਕ ਕਾਮਯਾਬ ਹੁੰਦੀ ਹੈ ਜਿਸਨੂੰ ਪੜ੍ਹੇ ਬਿਨਾਂ ਵੀ ਲੋਕ ਕਹਿਣ ਮੈਂ ਪੜ੍ਹੀ ਹੋਈ ਹੈ।

ਜੇ ਮੈਕਾਰਥੀ

- ਚੰਗੀਆਂ ਕਿਤਾਬਾਂ ਚੰਗੇ ਦੋਸਤਾਂ ਦਾ ਕੰਮ ਕਰਦੀਆਂ ਹਨ।

ਅਚਾਰੀਆ ਅਰੁਣ

- ਕਾਹਲੀ ਵਿਚ ਸਾਰੀ ਕਿਤਾਬ ਪੜ੍ਹਨ ਨਾਲੋਂ ਧਿਆਨ ਨਾਲ ਪੜਿਆ ਇਕ ਪੰਨਾ ਬਿਹਤਰ ਹੈ।

ਮੈਕਸਿਮ ਗੋਰਕੀ

# ਬੱਚਿਆਂ ਦਾ ਪੰਨਾ

## ਤੇ ਨਾਨਾ ਬੀੜੀਆਂ ਛੱਡ ਗਿਆ

ਓਏ ! ਏਧਰ ਆਓ ਕੂਕਿਓ ... ਨਾਨੇ ਨੇ ਦੋਵਾਂ ਬਾਲਾਂ ਨੂੰ ਉੱਚੀ ਦੇਣੀ ਅਵਾਜ ਮਾਰੀ। ਦੋਵੇਂ ਚਾਚੇ ਤਾਏ ਦੇ ਪੁੱਤ ਭਰਾ ਸਵਰਨ ਸਿੰਘ ਤੇ ਮੋਹਣ ਸਿੰਘ ਡਰਦੇ-ਡਰਦੇ ਨਾਨੇ ਕੋਲ ਗਏ। ਨਾਨਾ ਚਾਚੇ ਦੇ ਪੁੱਤਰ ਸਵਰਨ ਸਿੰਘ ਹੋਰਾਂ ਦਾ ਸੀ ਪਰ ਪਰਿਵਾਰ ਇਕੱਠੇ ਹੁੰਦੇ ਸਨ ਸੋ ਰਿਸ਼ਤੇਦਾਰਾਂ ਵਿੱਚ ਵੀ ਕੋਈ ਵੰਡੀਆਂ ਨਹੀ ਸਨ ਹੁੰਦੀਆਂ।

'ਆਹ ਚੱਕੋ ਉਏ ਆਨਾ, ਨਾਨਾ ਫੇਰ ਗਰਜਿਆ।' ਜਾ ਕੇ ਮੇਰੇ ਵਾਸਤੇ ਹੱਟੀ ਤੋਂ ਬੀੜੀਆਂ ਦਾ ਬੰਢਲ ਲੈ ਕੇ ਆਓ, ਦੋਵੇਂ ਭਰਾ ਇਕ ਦੂਜੇ ਵੱਲ ਵੇਖਣ ਲੱਗੇ। ਦੋਵਾਂ ਦੀ ਉਮਰ ਹਾਲੇ ਮਸਾਂ ਦਸ ਪੰਦਰਾਂ ਸਾਲਾਂ ਦੀ ਹੋਣੀ ਹੈ। ਓਏ ਮੂੰਹ ਕੀ ਵੇਖਦੇ ਓ ਇਕ ਦੂਜੇ ਦਾ; ਸੁਣਿਆ ਨਹੀਂ ਤੁਹਾਨੂੰ? ਨਾਨਾ ਫੇਰ ਗੜ੍ਹਕਿਆ। ਨਾਨਾ ਚੇਨ ਸਮੋਕਰ ਸੀ, ਬੀੜੀ ਨਹੀਂ ਸੀ ਬੁਝਣ ਦੇਂਦਾ ਤੇ ਕੁਰੱਖਤ ਬੜਾ ਸੀ। ਕਦੀ ਕਦਾਈਂ ਆਪਣੀ ਕੁੜੀ ਨੂੰ ਮਿਲਣ ਆਉਂਦਾ ਸੀ, ਪਰ ਉਹਦੇ ਸੌਹਰੇ ਬਾਬਾ ਸਾਧੂ ਸਿੰਘ ਨਾਮਧਾਰੀ ਦੀ ਬੜੀ ਝੇਪ ਰੱਖਦਾ ਸੀ। ਸੋ ਡਰ ਕੇ ਘਰੋਂ ਬਾਹਰ ਜਾਕੇ ਚੋਰੀ ਬੀੜੀਆਂ ਪੀ ਕੇ ਆਪਣਾ ਝੱਸ ਪੂਰਾ ਕਰ ਆਉਂਦਾ ਸੀ। ਹੁਣ ਦੋਵਾਂ ਬਾਲਾਂ ਦੀ ਜਾਨ ਦੀ ਬਣ ਗਈ ਸੀ। ਨਾਨੇ ਨੂੰ ਨਾਂਹ ਨਹੀਂ ਸੀ ਕਰ ਸਕਦੇ ਤੇ ਉਹਨਾਂ ਦੇ ਬਾਬੇ ਦੀ ਦਿੱਤੀ ਸਿੱਖਿਆ ਮੁਤਾਬਕ ਸਿੱਖੀ ਵਿੱਚ ਮਾਸ ਸ਼ਰਾਬ ਤੰਬਾਕੂ ਆਦਿ ਨੂੰ ਛੂਹਣਾ ਵੀ ਘੋਰ ਪਾਪ ਸੀ। ਆਖਰ ਦੋਵਾਂ ਨੇ ਇਕ ਤਰਕੀਬ ਸੋਚੀ। ਬਾਬਾ ਸਾਧੂ ਸਿਉਂ ਲੋਹਾਰਾ ਕੰਮ ਕਰਦਾ ਸੀ। ਦੋਵੇਂ ਭਰਾ ਬਾਬੇ ਦੀ ਭੱਠੀ ਤੇ ਗਏ ਤੇ ਬਾਬੇ ਤੋਂ ਅੱਖ ਬਚਾਕੇ ਗਰਮ ਲੋਹਾ ਚੁੱਕਣ ਵਾਲੀ ਸੰਨ੍ਹੀ ਲੈ ਆਏ, ਨਾਲ ਇਕ ਪੁਰਾਣੇ ਕਪੜੇ ਦੀ ਲੀਰ।

'ਲਾਲਾ ਜੀ, ਲਾਲਾ ਜੀ, ਬੀਲੀਆਂ ਦਾ ਬੰਧਲ ਦਿਓ।' ਤੋਤਲੀ ਅਵਾਜ਼ ਵਿੱਚ ਛੋਟਾ ਭਰਾ ਬੋਲਿਆ। ਲਾਲਾ ਵੀ ਹੈਰਾਨ ਸੀ। ਬਾਬਾ ਸਾਧੂ ਸਿਉਂ ਦੇ ਪੋਤੇ ਤੇ ਬੀੜੀਆਂ ਦਾ ਬੰਡਲ? ਲਾਲੇ ਨੇ ਫੇਰ ਪੁੱਛਿਆ 'ਕਾਕਾ ਕੀ ਲੈਣਾਂ ਹੈ ਤੁਸੀਂ?' ਹੁਣ ਵੱਡਾ ਭਰਾ ਬੋਲਿਆ: 'ਮੇਰਾ ਨਾਨਾ ਬੀੜੀਆਂ ਪੀਂਦਾ ਹੈ, ਉਹਨੇ ਮੰਗਾਈਆਂ ਨੇ।' ਲਾਲੇ ਨੇ ਬੀੜੀਆਂ ਫੜਾਉਣ ਲਈ ਹੱਥ ਅੱਗੇ ਵਧਾਇਆ ਤਾਂ ਛੋਟਾ ਚਿਣਕਿਆ, 'ਲਾਲਾ ਜੀ ਬਾਹਲ ਵੀਹੀ 'ਚ ਲਖ ਦਿਓ। ਅਸੀਂ ਫਨੀਆਂ ਨਹੀਂ।' ਲਾਲੇ ਨੇ ਵੀਹੀ 'ਚ ਰੱਖ ਦਿੱਤੀਆਂ। ਵੱਡੇ ਨੇ ਛੋਟੇ ਨੂੰ ਅੱਖ ਨਾਲ ਇਸ਼ਾਰਾ ਕੀਤਾ ਉਸਨੇ ਫਟਾਫਟ ਆਪਣੇ ਝੱਗੇ ਦੀ ਜੇਬ 'ਚੋਂ ਕੱਪੜੇ ਦੀ ਲੀਰ ਕੱਢੀ ਤੇ ਬੀੜੀਆਂ ਦੇ ਬੰਡਲ ਤੇ ਸੁੱਟ ਦਿੱਤੀ। ਹੁਣ ਵੱਡੇ ਨੇ ਹੱਥ ਵਿੱਚ ਫੜੀ ਸੰਨ੍ਹੀ ਨਾਲ ਬੰਡਲ ਚੁੱਕ ਲਿਆ ਤੇ ਆਪਣੀਆਂ ਦੋਵੇਂ ਬਾਹਾਂ ਸਿੱਧੀਆਂ ਕਰਕੇ ਆਪਣੇ ਤੋਂ ਦੂਰ ਕਰ ਦੋਵੇਂ ਭੱਜੇ ਨਾਨੇ ਵੱਲ ਨੂੰ। ਨਾਨਾ ਜਦੋਂ ਦੂਰੋਂ ਦੋਵਾਂ ਨੂੰ ਆਪਣੇ ਵੱਲ ਭੱਜੇ ਆਉਂਦਿਆਂ ਵੇਖ ਰਿਹਾ ਸੀ, ਤਾਂ ਉੱਠਕੇ ਖੜੋ ਗਿਆ ਤੇ ਉਹਦਾ ਧਿਆਨ ਜਦ ਸੰਨ੍ਹੀ ਵਿੱਚ ਲੀਰ 'ਚ ਲਪੇਟੀਆਂ ਬੀੜੀਆਂ ਤੇ ਪਿਆ ਤਾਂ ਉੱਚੀ ਦੇਣੀ ਬੋਲਿਆ; ਓਏ ਕੂਕਿਓ ! ਬੇੜਾ ਤਰ ਜਾਏ ਓਏ ਤੁਹਾਡਾ, ਤੁਹਾਡੇ ਗੁਰੂ ਨੇ ਕਿਆ ਸਿੱਖਿਆ ਦਿੱਤੀ ਆ। ਪੁੱਤਰੋ ਤੁਸੀਂ ਏਨੀ ਨਫ਼ਰਤ ਕਰਦੇ ਓ ਬੀੜੀਆਂ ਤੋਂ ਹੱਥ ਲਾਉਣਾ ਵੀ ਪਾਪ ਸਮਝਦੇ ਓ, ਮੈਂ ਇਹਨਾਂ ਨੂੰ ਮੂੰਹ 'ਚ ਪਾਈ ਰੱਖਦਾਂ, ਜਾਓ ਓਏ ਛੱਡੀਆਂ ਅੱਜ ਤੋਂ।

ਮੇਰੇ ਦਾਦਾ ਮੋਹਣ ਸਿੰਘ ਜੀ ਨਾਮਧਾਰੀ ਮੈਨੂੰ ਦਸਦੇ ਹੁੰਦੇ ਸਨ ਕਿ ਉਸ ਦਿਨ ਤੋਂ ਬਾਅਦ ਸਾਰੀ ਜਿੰਦਗੀ ਨਾਨੇ ਨੇ ਬੀੜੀਆਂ ਨਹੀਂ ਪੀਤੀਆਂ।

(ਆਪਣੇ ਬੱਚਿਆਂ ਨੂੰ ਚੰਗੀ ਮਾੜੀ ਗੱਲ ਦੀ ਸਿੱਖਿਆ ਦੇਣਾ, ਘਰ ਦੇ ਵੱਡਿਆਂ ਦਾ ਫਰਜ਼ ਹੁੰਦਾ ਹੈ ਉਹਨਾਂ ਦੀ ਜੀਵਨ ਸ਼ੈਲੀ ਦੀ ਝਲਕ ਉਹਨਾਂ ਦੇ ਬੱਚਿਆਂ ਤੋਂ ਆਪ ਮੁਹਾਰੇ ਹੀ ਪਰਗਟ ਹੋ ਜਾਂਦੀ ਹੈ। ਸ਼ਰਾਬੀ ਜਾਂ ਨਸ਼ੇੜੀ ਬੰਦਾ ਕਿਸ ਮੂੰਹ ਨਾਲ ਆਪਣੇ ਬੱਚੇ ਨੂੰ ਇਹਨਾਂ ਕੰਮਾਂ ਤੋਂ ਵਰਜ ਸਕਦਾ ਹੈ। ਧਰਮੀ ਬੰਦੇ ਦੀ ਸੰਗਤ ਮਨੁੱਖ ਨੂੰ ਸੰਪਰਦਾਇਕਤਾ ਨਾਲੋਂ ਮਨੁੱਖਤਾ ਦਾ ਗਿਆਨ ਪਹਿਲੋਂ ਦੇਂਦੀ ਹੈ ਫੇਰ ਭਾਵੇਂ ਉਹ ਕਿਸੇ ਵੀ ਜਾਤ ਮਜ਼ਹਬ ਜਾਂ ਧਰਮ ਦਾ ਹੋਵੇ।)

**-ਸੁਖਵਿੰਦਰ ਸਿੰਘ ਲਾਇਲ**
**ਸੰਪ:9815377811**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਨੂੰ ਦਸਤਾਰਾਂ ਸਜਾਉਣ ਦੀ ਕ੍ਰਿਪਾ ਕੀਤੀ

**6 ਸਿਤੰਬਰ 2020** ਸ੍ਰੀ ਭੈਣੀ ਸਾਹਿਬ– ਆਸਾ ਦੀ ਵਾਰ ਦੇ ਭੋਗ ਉਪਰੰਤ ਬਾਗ ਵਾਲੀ ਕੋਠੀ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸਨਮੁੱਖ ਸ੍ਰ. ਦਇਆ ਸਿੰਘ ਆਪਣੇ ਪਰਿਵਾਰ ਸਹਿਤ ਨਤਮਸਤਕ ਹੋਏ। ਪਰਿਵਾਰ ਦੀ ਅਰਜ਼ ਪ੍ਰਵਾਨ ਕਰਕੇ ਸ੍ਰੀ ਸਤਿਗੁਰੂ ਜੀ ਨੇ ਕਾਕਾ ਦਵਿੰਦਰ ਸਿੰਘ ਸਪੁੱਤਰ ਦਾਨ ਸਿੰਘ ਸਪੁੱਤਰ ਦਇਆ ਸਿੰਘ ਅਤੇ ਸਹਿਜ ਸਿੰਘ ਅਤੇ ਨਿਰਮੋਲ ਸਿੰਘ ਸਪੁੱਤਰ ਸਤਵਿੰਦਰ ਸਿੰਘ ਨੂੰ ਦਸਤਾਰਾਂ ਸਜਾਉਣ ਦੀ ਕਿਰਪਾ ਕੀਤੀ।



ਦਇਆ ਸਿੰਘ ਜੀ ਦੀ ਸਪੁੱਤਰੀ ਬੀਬੀ ਮਲਕੀਤ ਕੌਰ ਨੇ ਅਰਜ਼ ਕੀਤੀ:

"ਗਰੀਬ ਨਿਵਾਜ਼ ਮੇਰਾ ਪਤੀ ਸਤਵਿੰਦਰ ਸਿੰਘ ਖੁੱਲ੍ਹੇ (ਗੈਰ ਨਾਮਧਾਰੀ) ਪਰਿਵਾਰ ਵਿੱਚੋਂ ਹੈ, ਆਪ ਜੀ ਦੀ ਕਿਰਪਾ ਨਾਲ ਭਜਨ ਪੁੱਛ ਕੇ ਨਾਮਧਾਰੀ ਸਿੰਘ ਸੱਜ ਗਿਆ ਹੈ। ਹੁਣ ਦਸਤਾਰਾ ਅਤੇ ਪਹਿਰਾਵਾ ਵੀ ਨਾਮਧਾਰੀ ਹੀ ਪਾਉਂਦੇ ਹਨ। ਅੱਜ ਆਪ ਜੀ ਬੱਚਿਆਂ ਨੂੰ ਪੱਗਾਂ ਬੰਨਣ ਦੀ ਕਿਰਪਾ ਕੀਤੀ ਹੈ।

ਇਹ ਸਤਵਿੰਦਰ ਸਿੰਘ ਸਪੁੱਤਰ ਸ. ਸਰਦੂਲ ਸਿੰਘ ਪਿੰਡ ਖੋਜੇਵਾਲ ਜ਼ਿਲ੍ਹਾ ਕਪੂਰਥਲਾ ਤੋਂ ਹੈ ਜੋ ਕਿ ਸ. ਦਇਆ ਸਿੰਘ ਦਾ ਜਵਾਈ ਹੈ। ਨਡਾਲਾ ਵਿਖੇ ਸ. ਦਇਆ ਸਿੰਘ ਜੀ ਦਾ ਇੰਬਰ ਸਟੋਰ ਹੈ। ਆਪ ਸਤਿਗੁਰੂ ਸੱਚੇ ਪਾਤਸ਼ਾਹ ਦੀਆਂ ਅਪਾਰ ਬਖ਼ਸ਼ਿਸ਼ਾਂ ਦੇ ਪਾਤਰ ਹਨ। ਸ੍ਰੀ ਭੈਣੀ ਸਾਹਿਬ ਲੰਗਰ ਵਿੱਚ ਬਾਲਣ (ਲੱਕੜਾਂ) ਦੀ ਸੇਵਾ ਬੜੇ ਚਾਅ ਨਾਲ ਕਰਦੇ ਹਨ।

**–ਹਰਪਾਲ ਸਿੰਘ ਸੇਵਕ**

# ਸਤਿਜੁਗ ਸਰਵੇਖਣ (Satjug Survey)

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ 'ਸਤਿਜੁਗ' ਪਰਚੇ (Magazine) ਦਾ ਸਰਵੇਖਣ ਕਰਵਾਇਆ ਜਾ ਰਿਹਾ ਹੈ। ਇਸ ਵੇਲੇ 'ਸਤਿਜੁਗ' ਦੋ ਰੂਪਾਂ ਕਿਤਾਬ ਰੂਪ (Hard copy) ਅਤੇ ਡਿਜ਼ੀਟਲ ਰੂਪ (Soft copy or Pdf) ਵਿੱਚ ਪਾਠਕਾਂ ਤੱਕ ਪਹੁੰਚ ਰਿਹਾ ਹੈ। ਇਸ ਤੋਂ ਇਲਾਵਾ 'ਸਤਿਜੁਗ' ਦੀ ਐਪਲੀਕੇਸ਼ਨ (App) ਤਿਆਰ ਕੀਤੀ ਜਾ ਰਹੀ ਹੈ। ਜਿਸ ਵਿੱਚ ਤੁਸੀਂ 'ਸਤਿਜੁਗ' ਦੀ Pdf ਕਾਪੀ ਤੋਂ ਇਲਾਵਾ ਸੁਣਨ ਦੀ ਸੁਵਿਧਾ (Audio) ਵੀ ਪ੍ਰਾਪਤ ਕਰ ਸਕੋਗੇ।

ਇਸ ਸਬੰਧੀ ਅਦਾਰਾ 'ਸਤਿਜੁਗ' ਆਪਣੇ ਪਾਠਕਾਂ ਦੇ ਵਿਚਾਰ ਪ੍ਰਾਪਤ ਕਰਨਾ ਚਾਹੁੰਦਾ ਹੈ, ਇਸ ਲਈ ਸਾਨੂੰ ਤੁਹਾਡੀ ਕੁਝ ਜਾਣਕਾਰੀ ਚਾਹੀਦੀ ਹੈ।

ਕਿਰਪਾ ਕਰਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

ਕਾਲਮ ਵਿੱਚ ☑ ਕਰੋ ਜੀ।

1. ਕੀ ਤੁਹਾਡੇ ਘਰ 'ਸਤਿਜੁਗ' ਪਰਚਾ ਆ ਰਿਹਾ ਹੈ?

   ਹਾਂ ☐ ਨਹੀਂ ☐ ਕਦੇ-ਕਦੇ ☐

2. ਤੁਹਾਡੇ ਘਰ ਵਿੱਚ ਕਿੰਨੇ ਮੈਂਬਰ ਸਤਿਜੁਗ ਪੜ੍ਹਦੇ ਹਨ?

   ☐ 1 ☐ 2 ☐ 3 ☐ 4 ☐ 5 ☐ ਵੱਧ

3. ਤੁਸੀਂ ਕਿਸ ਭਾਸ਼ਾ ਵਿੱਚ 'ਸਤਿਜੁਗ' ਪੜ੍ਹਨ ਵਿੱਚ ਸੌਖ ਮਹਿਸੂਸ ਕਰਦੇ ਹੋ?

   ਪੰਜਾਬੀ ☐ ਅੰਗਰੇਜ਼ੀ ☐ ਹਿੰਦੀ ☐

4. ਤੁਸੀਂ ਆਪਣਾ ਵੱਟਸਐਪ ਵਾਲਾ ਮੋਬਾਈਲ ਨੰਬਰ ਦਿਓ ਜੀ ......................

5. ਤੁਹਾਡਾ ਈਮੇਲ ਪਤਾ ........................................

6. ਕੀ ਤੁਸੀਂ ਸਤਿਜੁਗ ਜਾਰੀ ਰੱਖਣਾ ਚਾਹੁੰਦੇ ਹੋ?

   ਹਾਂ ☐ ਨਹੀਂ ☐

7. ਤੁਸੀਂ ਸਤਿਜੁਗ ਕਿਸ ਰੂਪ ਵਿੱਚ ਪ੍ਰਾਪਤ ਕਰਨਾ ਚਾਹੁੰਦਾ ਹੋ?

   * ਕਿਤਾਬ ਰੂਪ ☐
   * ਮੋਬਾਈਲ ਐਪ ਰਾਹੀਂ ☐
   * E. Magazine (Pdf) ☐
   * ਉਪਰੋਕਤ ਤਿੰਨੇ ਹੀ ☐

ਸਤਿਜੁਗ ਦੇ ਪਾਠਕਾਂ ਨੂੰ ਬੇਨਤੀ ਹੈ ਕਿ ਉਪਰੋਕਤ ਪ੍ਰਸਨਾਂ ਦੇ ਉੱਤਰਾਂ ਤੋਂ ਬਾਅਦ ਆਪਣਾ ਪਤੇ (Address) ਦੀ, ਆਪਣੇ ਸਤਿਜੁਗ ਦੇ ਇਨਵੈਲਪ (Envelope) ਤੋਂ ਹੀ ਫੋਟੋ ਖਿੱਚ ਕੇ ਹੇਠ ਲਿਖੇ ਕਿਸੇ ਵੀ ਨੰਬਰ 'ਤੇ ਭੇਜ ਦਿਓ। ਉਦਾਹਰਨ ਵਜੋਂ:

SH. HAKAM SINGH S/O HARBHAJAN SINGH
VPO-SRI BHAINI SAHIB, NEAR PEHLWAN DIARY
FARM, RAIAN ROAD, TEH&DIST-LUDHIANA
141126

ਸੰਪ: ਹਾਕਮ ਸਿੰਘ 98155-75099
ਤਰਨ ਸਿੰਘ 99147-02201

Date of Publication: 17-09-2020,
Date of Posting: 18-19 Sep. 2020

RNI NO. 55658/93 Delhi Postal Regd. No. DL(W) 01/2055/18-20

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ ਸੋਇਨ ਚਉਬਾਰੇ॥





ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ॥

ਪ੍ਰਤਾਪ ਮੰਦਰ ਵਿਖੇ ਨਾਮ ਸਮਰਨ ਜਪ ਪ੍ਰਯੋਗ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.